# ਸਮਰਪਣ

ਸਪਤ ਸਿੰਧ ਪੰਜਾਬ
ਦੇ ਸ਼ਗਨਾਂ
ਭਰੇ ਵਿਸ਼ਾਲ ਜੋਬਨਵੰਤ
ਰਸੀਆ ਆਪੇ ਦੇ ਨਾਂ !

ਜੋ ਗਾਉਂਦੀਆਂ
ਜੂਝਦੀਆਂ
ਧਿਆਨੀ
ਸੰਸਕਿਰਤੀਆਂ
ਦੀ ਨਿੱਤ ਨਵੇਲੀ

ਪ੍ਰਭਾਤ ਦਾ
ਆਦਿ ਅਨਾਦਿ ਘਰ ਹੈ

**ਕੁਲਵੰਤ ਸਿੰਘ ਗਰੇਵਾਲ**
1 ਮਾਘ 2062 ਵਿਕਰਮੀ
13 ਜਨਵਰੀ, 2005

## ਜੇ ਤੂੰ ਚੰਨ ਵਸਾਖ ਦਾ

ਮੈਂ ਓਦੋਂ ਦਾ ਜਾਗਦਾ
ਜਦ ਪਹਿਲਾ ਬੂਰ ਪਿਆ
ਮੇਰੇ ਵੇਂਹਦੇ ਵੇਂਹਦਿਆਂ
ਨਗ਼ਮਾਂ ਦੂਰ ਗਿਆ

ਮੈਂ ਓਦੋਂ ਦਾ ਜਾਗਦਾ
ਕੂੰਜਾਂ ਦੀ ਕਿਲਕਾਰ
ਚੀਰ ਸਮੇਂ ਨੂੰ ਨਿੱਤਰੀ
ਦਰਿਆਵਾਂ ਦੀ ਜਲਧਾਰ

ਬੀਜ-ਬੀਜ ਦਾ ਚਾਨਣਾਂ
ਜਲ-ਥਲ ਕਰੇ ਪੁਕਾਰ
ਨਿੱਖਰੇ ਰੰਗ ਬਹਾਰ ਦਾ
ਕੱਕਰੀ-ਕਾਲੀਧਾਰ

ਸੰਘਣੇ-ਸਾਵੇ ਬੂਰ ਤੇ
ਤਪਿਆ ਤਪਿਆ ਜੇਠ
ਸੇਜ ਰਾਂਗਲੀ ਸੌਂ ਗਏ
ਸਾਵੇ ਬਾਗਾਂ ਹੇਠ

ਸਾਵਣ ਆਇਆ ਹੇ ਸਖੀ
ਬੱਦਲ ਜ਼ੋਰ ਕਰੇ
ਜਾਂ ਨਿਰਮੋਹੀ ਯਾਰ ਦਾ
ਮੱਥਾ ਠਰੇ ਠਰੇ

ਯਾਰਾਂ ਖੂਬ ਲਤਾੜਿਆ
ਮਨ-ਰੁਤਾਂ ਦਾ ਦੇਸ
ਜੇ ਦੁਨੀਆਂ ਨਹੀਂ ਬਦਲਦੀ
ਕਿਊਂ ਬਦਲੇ ਦਰਵੇਸ਼

ਘਟਾ-ਬੂੰਦ ਕੋਈ ਰੰਗ ਹੈ
ਬਰਸੇ ਰੂਪ ਅਪਾਰ
ਪਾਰ ਪਹਾੜੀਂ ਗੱਜਦਾ
ਬੱਦਲ ਸਦਾ ਬਹਾਰ

ਮਾਘ ਸੁਹਾਵਾ ਉਤਰੇ
ਨਿੱਘੀ ਗਲੀ ਗਲੀ
ਰਸੀਆ ਲੋਹੜੀ ਤਾਂਘਦੀ
ਸੇਜ ਖਰੀ ਰੰਗਲੀ

ਜੋਬਨ ਤਾਂਘਾਂ ਕੱਚੀਆਂ
ਕੱਚੀ ਨੀਂਦ ਛਲੀ
ਫੱਗਣ ਰੁੱਤ ਉਡੀਕਦੇ
ਹੋਲੀ ਗਲੀ ਗਲੀ

ਉੱਡੀਂ ਭੰਵਰਾ ਕਾਲਿਆ
ਫੁੱਲ ਮਿਸਰੀ ਮਿਸਰੀ
ਜੇ ਤੂੰ ਚੰਨ ਵਸਾਖ ਦਾ
ਸਾਨੂੰ ਨਾ ਵਿਸਰੀਂ

ਜੇ ਤੂੰ ਚੰਨ ਵਸਾਖ ਦਾ
ਮੇਰ ਤੇਰ ਨਾ ਗੱਲ
ਜਿਹੜੇ ਸਾਨੂੰ ਭੁੱਲ ਗਏ
ਰਾਹ ਉਹਨਾਂ ਦੇ ਮੱਲ

ਬੁੱਕਲ ਚੰਨ ਵਸਾਖ ਦਾ
ਸਾਡਾ ਦਰਦ ਪਛਾਣ
ਆਪਣਿਆਂ ਦੇ ਹੇਜ ਨੇ
ਭੰਨਿਆ ਸਾਡਾ ਮਾਣ

ਜੇ ਤੂੰ ਚੰਨ ਵਸਾਖ ਦਾ
ਮੈਂ ਸਰਘੀ ਦਾ ਵੰਨ
ਪਹਿਲੀ ਫ਼ਸਲ ਕਬੂਲ ਕਰ
ਢੋਲਾ ਸਾਡੀ ਮੰਨ

ਉਚਾ ਚੰਨ ਵਸਾਖ ਦਾ
ਮੈਂ ਪੂਰਬ ਦੀ ਪੌਣ
ਸਾਲੂ ਧੁਰ-ਮੁਲਤਾਨ ਦਾ
ਮੇਲ ਕਰਾਵੇ ਕੌਣ

ਬਾਰਾਂ ਮਾਹ ਦਾ ਮੁੱਖੜਾ
ਸ਼ਾਇਰ ਲਿਆ ਉਚਾਰ
ਰੂਹਾਂ ਨੇੜੇ ਗੂੰਜਦੀ
ਰਚਨਾ ਸਦਾ ਬਹਾਰ

ਬਾਰਾਂਮਾਹ ਦਰਵੇਸ਼ ਦੇ
ਮਾਖਿਓਂ ਮਿੱਠੇ ਨਾਂ
ਸੁਹਣੇ ਦੇਸ ਪੰਜਾਬ ਤੇ ਰੱਬਾ
ਰੱਖ ਸਰਘੀ ਦੀ ਛਾਂ !

•

# ਤੇਰਾ ਅੰਬਰਾਂ ‘ਚ ਨਾਂ ਲਿਖਿਆ
## ਮਾਹੀਆ

ਦਿਲ ਟੁੱਟਦੇ ਹਵਾਵਾਂ ਦੇ
ਬੂੰਦ ਬੂੰਦ ਤਰਸ ਗਏ
ਅਸੀਂ ਪੁੱਤ ਦਰਿਆਵਾਂ ਦੇ

ਸਾਨੂੰ ਈਦਾਂ ਬਰ ਆਈਆਂ
ਰਾਵੀ ਤੇਰੇ ਪੱਤਣਾਂ ਤੇ
ਐਵੇਂ ਅੱਖੀਆਂ ਭਰ ਆਈਆਂ

ਕਿਵੇਂ ਉਮਰ ਲੰਘਾਵਾਂਗੇ
ਤੇਰੇ ਬਿਨਾਂ ਪੁੰਨਲਾ ਵੇ
ਜਿਉਂਦੇ ਮਰ ਜਾਵਾਂਗੇ

ਝੋਰਾ ਅੱਖੀਆਂ ਲਾਈਆਂ ਦਾ
ਰੋਹੀਆ’ਚ ਚੰਨ ਡੁੱਬਿਆ
ਕੂੰਜਾਂ ਤਿਰਹਾਈਆਂ ਦਾ

ਪੰਛੀ ਉਡ ਗਏ ਸ਼ਾਮਾਂ ਦੇ
ਮੁੜ ਏਥੇ ਨਹੀਓਂ ਲੱਗਣੇ
ਮੇਲੇ ਦਰਿਆਵਾਂ ਦੇ

ਹੱਥ ਖਾਲੀ ਕਾਸਾ ਏ
ਅੱਜ ਕਲ੍ਹ ਦੁਨੀਆਂ ਦਾ
ਹਰ ਬਸ਼ਰ ਪਿਆਸਾ ਏ

ਕੋਈ ਰਾਹੀ ਏ ਰਾਹਾਂ ਵਾਲਾ
ਤਾਰਿਆਂ ਦੀ ਜੂਹ ਭਟਕੇ
ਚੰਨ ਹਰਫ਼ ਗੁਨਾਹਾਂ ਵਾਲਾ

ਤੇਰਾ ਅੰਬਰਾਂ 'ਚ ਨਾਂ ਲਿਖਿਆ
ਤੇਰੀਆਂ ਕਿਤਾਬਾਂ ਵਿੱਚ ਵੇ
ਸਾਡਾ ਨਾਂ, ਨਾ, ਨਿਸ਼ਾਂ ਲਿਖਿਆ

ਮੈਲੇ ਪਾਣੀ ਨੇ ਨਦੀਆਂ ਤੇ
ਵੈਰੀਆਂ ਨੂੰ ਖ਼ਬਰ ਕਰੋ
ਯਾਰ ਆ ਗਏ ਨੇ ਬਦੀਆਂ ਤੇ

ਡਾਢਾ ਰੁੱਸਿਆ ਤਬੀਬ ਮੇਰਾ
ਬੈਠੀ ਆਂ ਚੁਰਾਹੇ ਤੇ
ਕੋਈ ਲੁੱਟ ਲਏ ਨਸੀਬ ਮੇਰਾ

ਮੰਦੇ ਹਾਲ ਗਰੀਬਾਂ ਦੇ
ਯਾਰਾਂ ਸਾਨੂੰ ਛੱਡ ਵੀ ਦਿੱਤਾ
ਵੱਸ ਪੈ ਗਏ ਨਸੀਬਾਂ ਦੇ

ਗੱਲਾਂ ਅੰਬੀਆਂ ਦੇ ਬੂਰ ਦੀਆਂ
ਜਲ ਥਲ ਊਂਘਦੀਆਂ
ਕੋਈ ਝੁੱਗੀਆਂ ਨੂਰ ਦੀਆਂ

ਗੱਲਾਂ ਆਰ ਨਾਂ ਪਾਰ ਦੀਆਂ
ਝੁੱਗੀਆਂ ਨੇ ਕੀ ਵੱਸਣਾ
ਜੂਹਾਂ ਮੱਲ ਬੈਠੋਂ ਪਾਰ ਦੀਆਂ

ਨੀਵੀਂ ਝੋਕ ਗ਼ਰੀਬਾਂ ਦੀ
ਪੱਤਣਾ ਨੂੰ ਖੋਰ ਪਿਆ
ਏਨੀ ਬਾਤ ਨਸੀਬਾਂ ਦੀ

ਬੇਦਰਦ ਫ਼ਿਜ਼ਾ ਹੋਈ
ਗਲੀ ਗਲੀ ਸ਼ੋਰ ਵਿਕਦਾ
ਗੀਤਾਂ ਨੂੰ ਸਜ਼ਾ ਹੋਈ

ਮਿੱਠੀ ਬਾਂਗ ਫ਼ਜਰ ਵਾਲੀ
ਨਜ਼ਰ ਭੁਲਾ ਬੈਠੇ
ਸੁਹਣਿਆਂ ਦੇ ਕਦਰ ਵਾਲੀ

ਸਾਵਣ ਦਾ ਰੰਗ ਲੋਕੋ
ਵੱਡੇ ਵੇਲੇ ਦੁਖਦਾ ਏ
ਉਂਜ ਦਿਸਦਾ ਨੀ ਡੰਗ ਲੋਕੋਂ

ਰੱਬ ਰੱਖਦਾ ਸਾਵਣ ਦੀ
ਚਾਨਣ ਬੱਦਲਾਂ ਦਾ
ਵਿੱਚ ਰੁਣ ਝੁਣ ਸਾਂਵਲ ਦੀ

ਕੋਈ ਆਪਣਾ ਬਣਾ ਰੱਖਦੇ
ਰੁੱਤ ਨਾਦਾਨੀ ਦੀ
ਸਾਂਵਲ ਤੋਂ ਲੁਕਾ ਰੱਖਦੇ

ਸੂਹੇ ਡੋਰੇ ਬਾਜ਼ਾਂ ਦੇ
ਗਲੀ ਗਲੀ ਰੁਲਦੇ ਨੇ
ਖੰਭ ਉਚਿਆ ਤਾਜਾਂ ਦੇ

ਨਦੀ ਕੰਢਿਆਂ ਤੇ ਆਈ ਹੋਈ ਆ
ਬੁੱਤ ਸਾਡਾ ਮਿੱਟੀ ਦਾ ਚੰਨਾ
ਵਿੱਚ ਰੂਹ ਤਿਰਹਾਈ ਹੋਈ ਆ

ਮਾਹੀਏ ਦੀ ਛਾਂ ਵਰਗਾ
ਜਲ-ਥਲ ਚਮਕ ਰਿਹਾ
ਚੰਨ ਰੱਬ ਦੇ ਨਾਂ ਵਰਗਾ

ਰੰਗ ਨੱਚਦੇ ਚਿਰਾਗਾਂ ਦੇ
ਫੁੱਲਾਂ ਵਿਚੋਂ ਛਾਂ ਉੱਠਕੇ
ਗੱਲ ਲੱਗ ਗਈ ਏ ਬਾਗਾਂ ਦੇ

ਮੁੱਲਾਂ ਝੰਗ ਚੋਂ ਉਠਾ ਠਾਣਾ
ਰੀਤ ਪੰਜਾਬਾਂ ਦੀ
ਮੇਲਾ ਭਰਿਆ ਛੱਡ ਜਾਣਾ

ਮੁੱਲਾਂ ਆਪਣਾ ਗੁਨਾਹ ਕੋਈ ਨਾਂ
ਰਾਂਝੇ ਨੂੰ ਰੱਬ ਬਖ਼ਸ਼ੇ
ਖੇੜਿਆਂ ਦਾ ਵਸਾਹ ਕੋਈ ਨਾ

ਛਾਂ ਅੰਬੀਆਂ ਦੇ ਬੂਰ ਦੀ ਏ
ਏਨਾਂ ਮਿੱਠਾ ਗਾ ਗਾ ਕੇ
ਕੋਇਲ ਕਿਉਂ ਝੂਰਦੀ ਏ

ਦਿਲ ਪਾਟਾ ਸੀਤਾ ਏ
ਉਮਰਾਂ ਦੀ ਪਿਆਸ ਲੱਗੀ
ਤੇਰਾ ਪਾਣੀ ਪੀਤਾ ਏ

ਚੰਨ ਸੋਹਣਾ ਸੋਹਣਾ ਮੰਗੀਏ ਵੇ
ਉਚਿਆਂ ਬੁਰਜਾਂ ਕੋਲੋਂ
ਅਸੀਂ ਨੀਵੇਂ ਨੀਵੇਂ ਲੰਘੀਏ ਵੇ

ਪੰਜਾਬ ਦੀ ਵਾਹ ਕੋਈ ਨਾਂ
ਆਪਣੇ ਨੇ, ਮੰਨ ਜਾਣਗੇ
'ਸੱਜਣਾਂ, ਦਾ, ਵਿਸਾਹ ਕੋਈ ਨਾਂ

ਪੰਜਾਬੀ ਰਾਣੀ ਆਂ
ਪੁੱਤਰੋ ਵੇ ਕਿਉਂ ਲੜਦੇ
ਮੈਂ ਹੀ ਮਰ ਜਾਨੀਆ

ਨਖਰਾ ਬੇਕਦਰਾਂ ਦਾ
ਕੀ ਮੁੱਲ ਯੂਸਫ਼ ਦਾ
ਮੁੱਲ ਉੱਚੀਆਂ ਨਜ਼ਰਾਂ ਦਾ

ਚੰਨ ਡੁੱਬਦੇ ਵੇਖੇ ਨੇ
ਦਿਲਾਂ ਵਿੱਚ ਨ੍ਹੇਰ ਪਏ
ਤਕਦੀਰ ਦੇ ਲੇਖੇ ਨੇ

ਫੁੱਲ ਆ ਗਏ ਨੇ ਕਿੱਕਰਾਂ ਨੂੰ
ਸੂਲਾਂ ਵਾਂਗੂੰ ਵਿੰਨ੍ਹ ਜਾਂਦੇ
ਕੀ ਹੋ ਗਿਆ ਮਿੱਤਰਾਂ ਨੂੰ

ਨਾਗਾਂ ਦਾ ਸਾਇਆ ਏ
ਲੁਕਵੇਂ ਨੇ ਡੰਗ ਭੋਲਿਆ
ਬਚ ਮੁਲਕ ਪਰਾਇਆ ਏ

ਮੇਲਾ ਨਾਂ ਉਜਾੜੀਂ ਵੇ
ਵੈਰੀ ਮੇਰੀ ਜਾਨ ਦਿਆ
ਮਾਸੂਮ ਨਾਂ ਮਾਰੀ ਵੇ

ਫੁੱਲ ਖਿੜਨੇ ਬਹਾਰਾਂ ਦੇ
ਗੀਤ ਗਵਾਹ ਸਾਡੇ
ਮੇਲੇ ਲੱਗਣੇ ਪਹਾੜਾਂ ਦੇ

ਅਸੀਂ ਘਰ ਮੁੜ ਆਵਾਂਗੇ
ਮਾਹੀਏ ਦਾ ਚੰਨ ਚੁੰਮ ਕੇ
ਪੰਜਾਬ ਨੂੰ ਗਾਵਾਂਗੇ

## ਰਾਵੀ ਰਾਵੀ ਰਾਵੀ

*  *  *

ਵਗਦੀ ਏ ਰਾਵੀ
ਕੰਢੇ ਸੁੰਨੀਆਂ ਅਟਾਰੀਆਂ
ਮੰਨੇ ਨਾ ਨਸੀਬ ਡਾਢੇ
ਐਵੇਂ ਵਾਜਾਂ ਮਾਰੀਆਂ

ਵਗਦੀ ਏ ਰਾਵੀ
ਕੰਢੇ ਨੀਵਾਂ ਨੀਵਾਂ ਚੰਨ ਵੇ
ਸੰਘਣੀ ਧਰੇਕ ਓਹਲੇ
ਸੱਜਣਾ ਦੀ ਛੰਨ ਵੇ

*  *  *

•

# ਮਾਂ ਦਾ ਗੀਤ

ਧੰਮੀ ਵੇਲੇ ਧੰਮੀ ਵੇਲੇ ਚੱਕੀ ਮੇਰੀ ਮਾਂ ਦੀ
ਪੀਂਹਦੀ ਏ ਨਿੱਕਾ ਨਿੱਕਾ ਦਾਣਾ
ਕਣਕਾਂ ਦਾ ਰੰਗ ਖਰਾ ਉੱਜਲਾ ਨਵੇਲਾ
ਮਾਂ ਦਾ ਗੀਤ ਪੁਰਾਣਾ !

ਗਾ ਗਾ ਨੀਂ ਮਾਏ
ਕੋਈ ਗੀਤ ਸਗੋਂ ਦਾ
ਤਾਰਿਆਂ ਦੀ ਨਿੰਮ੍ਹੀ ਨਿੰਮ੍ਹੀ ਲੋਏ
ਗਾ ਗਾ ਨੀ ਰੋਹੀਆਂ ਦੇ ਪੰਛੀਆਂ ਦੀ ਕਿਸਮਤ
ਬਹਿ ਬਹਿ ਜੋ ਸੱਥ ਵਿਚ ਰੋਏ

ਪੁਲੀਆਂ ਤੋਂ ਬਾਹਾਂ ਲਮਕਾਈਂ
ਊਸ਼ਾ ਸੋਚਦੀ
ਪਾਣੀਆਂ ਨੇ ਰੰਗ ਕੀ ਵਟਾਏ
ਉਹੋ ਰੰਗ ਜਿਹੜਾ ਅਸਾਂ
ਰਾਤ ਭਰ ਸਾਂਭਿਆ
ਪਲੋ ਪਲੀ ਮੁੱਕਦਾ ਜਾਏ

ਇਕ ਤਾਂ ਵਿਜੋਗ ਮੈਨੂੰ
ਔਸ ਫਰਮਾਂਹ ਦਾ
ਵਾਲ ਵਾਲ ਜਿਹੜਾ ਮੁਰਝਾਏ
ਜਦੋਂ ਕੋਈ ਬੁੱਲਾ ਇਹਦੀ
ਰਗ਼ ਰਗ਼ ਝੂਣਦਾ
ਭੋਰਾ ਭੋਰਾ ਝਰੀ ਝਰੀ ਜਾਏ

ਬੂਰ ਦੀ ਸੁਗੰਧ ਭਲਾ
ਨਟ ਖਟ ਛੋਕਰੀ
ਤਿੱਖੇ ਤਿੱਖੇ ਡੰਗ ਬਰਸਾਏ
ਡੰਗ ਦੀ ਕਹਾਣੀ ਬੜੀ ਲੰਬੀ
ਮੇਰੇ ਹਾਣੀਆਂ
ਹਾਣ ਬਾਝੋਂ ਹਾਣ ਤਿਰਹਾਏ

ਹਾਣੀਆਂ ਦੀ ਵਾਜ ਆਈ
ਵੱਡੇ ਦਰਵਾਜ਼ਿਓਂ
ਏਸ ਪਿੰਡੋਂ ਚੱਲੀਏ ਨੀ ਮਾਏ
'ਬਹਿ ਜਾ ਵੇ ਬੀਬਾ ਪੁੱਤ
ਗੱਲ ਸੁਣ ਰਾਹ ਦੀ
ਨੰਗੇ ਪੈਰੀਂ ਚੱਲਿਆ ਨਾ ਜਾਏ'

•

## ਰੱਬਾ ਮੇਰੀ ਕੱਚਿਆਂ ਦੇ ਨਾਲ ਜੋੜ – ਕਾਫ਼ੀ

ਰੱਬਾ ਮੇਰੀ ਕੱਚਿਆਂ ਦੇ ਨਾਲ ਜੋੜ
ਪੱਕੇ ਡਿੱਠੇ ਕੌੜੇ ਫਿੱਕੇ
ਜਿਉਂ ਰੋਹੀ ਦੇ ਰੋੜ

ਪੱਕੇ ਨਿਰੇ ਭੁਲੇਖਾ ਭਾਵੀ
ਕੱਚਿਆਂ ਦਾ ਕੀ ਜ਼ੋਰ
ਕੱਚੇ ਰਾਹ ਜਾਂਦੇ ਮਿਲ ਜਾਂਦੇ
ਨਾ ਦਾਅਵਾ ਨਾ ਜ਼ੋਰ
ਪੱਕਿਆਂ ਵਾਂਗੂੰ ਕੂੜ ਨਾ ਮਾਰਨ
ਰੱਬ ਦੇ ਜਾਨੀ ਚੋਰ
ਰੱਬਾ ਮੇਰੀ ਕੱਚਿਆਂ ਦੇ ਨਾਲ ਜੋੜ

ਵੱਜੇ ਢੋਲ ਤੇ ਉਡੀਆਂ ਡਾਰਾਂ
ਸਾਵੇ ਪਰਬਤ, ਬਾਂਕੀਆਂ ਨਾਰਾਂ
ਮਰੂਆ ਚੰਬਾ, ਬਾਗ਼ ਬਹਾਰਾਂ
ਨੈਣ ਬਦਾਮੀ ਚੋਰ
ਨੈਣਾਂ ਬਿਨ ਕੀ ਸਾਂਝ ਪੁਰਾਣੀ
ਕੀ ਗੋਰੀ, ਕੀ ਗੋਰ
ਰੱਬਾ ਮੇਰੀ...

ਗੱਲ ਕਟਿਆ ਦੀ ਪੱਕੀ ਯਾਰੀ
ਜਾਂ ਯਾਰੀ ਐਬਾਂ ਦੀ ਯਾਰੀ
ਕੱਚਿਆਂ ਦਾ ਰਾਹ ਹੋਰ
ਜੋ ਲਿਖਣਾ ਸੀ ਲਿਖ ਨਾ ਸਕੇ
ਲਿਖ ਛੱਡਿਆ ਕੁਝ ਹੋਰ
ਮੈਂ ਉੱਚਾ ਮੈਂ ਜਾਣਾ ਕੀ ਹਾਂ
ਮੈਂ ਚੋਰਾਂ ਦਾ ਚੋਰ
ਰੱਬਾ ਮੇਰੀ...

ਬਹਿ ਸਾਊਆਂ ਵਿੱਚ ਕੀ ਨਹੀਂ ਜਰਿਆ
ਪਤ ਨੂੰ ਪੈ ਗਏ ਚੋਰ
ਅੱਜ ਜੀਵੇਂ ਕਾਵਾਂ ਦੀ ਵਾਰੀ
ਬੇਲੇ ਪੈ ਗਿਆ ਸ਼ੋਰ
ਅੱਗੇ ਚੱਕਲਾ ਨੀਵੇਂ ਥਾਂ ਸੀ
ਗਲੀ ਲਿਆਂਦਾ ਮੋੜ
ਮਾਵਾਂ, ਭੈਣਾਂ, ਵੀਰਾਂ ਦੀ ਥਾਂ
ਸਹਿ ਪੱਕਿਆਂ ਦਾ ਜ਼ੋਰ
ਰੱਬਾ ਮੇਰੀ...

ਰੱਜ ਕੇ ਮਾਣੋ ਚੰਨ ਦੀਆਂ ਸ਼ਾਨਾਂ
ਚੰਨ ਦੀਆਂ ਤਾਂਘਾਂ ਹੋਰ
ਰਾਹ ਵਿੱਚ ਮਾਇਆ
ਰਾਹ ਵਿੱਚ ਛਾਇਆ
ਰਾਹ ਵਿੱਚ ਰੋਹੀ' ਰੋੜ
ਮੋੜ ਮਨਾਂ ਪੱਕਿਆਂ ਤੋਂ ਵਾਗਾਂ
ਇਹ ਬੰਦੇ ਕੋਈ ਹੋਰ
ਰੱਬਾ ਮੇਰੀ...

ਬਾਰ ਪਰਾਏ ਖਾਣੇ ਧੱਕੇ
ਆਪੋ ਆਪਣਾ ਜ਼ੋਰ
ਬੱਚੜੇ ਮਾਰ ਥਲੀਂ ਸੁੱਟ ਜਾਂਦੇ
ਕੀ ਆਪਣੇ, ਕੀ ਹੋਰ
ਲਿੱਬੜੇ ਕਰਮ ਲਕੋਂਦੇ ਫਿਰਦੇ
ਮਾਰੇ ਗਏ ਕੋਈ ਹੋਰ
ਲੰਮੀਆਂ ਦੇਰਾਂ ਹੋਈਆਂ ਮਾਹੀਆ
ਵਾਗਾਂ ਘਰ ਨੂੰ ਮੋੜ
ਰੱਬਾ ਮੇਰੀ...

ਉਹਨਾਂ ਵਰਗੇ ਸਿੱਧੇ ਜ਼ਾਲਮ
ਕਿਥੋਂ ਮਿਲਣੇ ਹੋਰ
ਕਿਥੋਂ ਮਿਲਣੇ ਰਾਵਣ, ਨਾਦਰ
ਮਾਰੀ ਧਰਤੀ ਤੋੜ
ਕਿਧਰੋਂ ਆਇਆ, ਕਿਥੇ ਲੁਕਿਆ
ਜਨਮ ਜਨਮ ਦਾ ਚੋਰ
ਤੂੰ ਕੋਹੇਂ ਤਾਂ ਰੂਹਾਂ ਜਾਗਣ
ਜੱਗ ਕੋਹੇ ਤਾਂ ਹੋਰ
ਰੱਬਾ ਮੇਰੀ...

ਪੁੰਨਿਆ ਜਾਗ, ਨਾ ਖੋਲ੍ਹ ਕਿਤਾਬਾਂ
ਲੇਖੇ ਲਿਖਣੇ ਜ਼ੋਰ
ਪੰਛੀ ਉੱਚਾ, ਅੰਬਰ ਨੀਵਾਂ
ਮੋਰਾਂ ਪਾਇਆ ਸ਼ੋਰ
ਮਿੱਟੀ ਕੱਚੀ, ਕੁਦਰਤ ਕੱਚੀ
ਵਿੱਚ ਸਤਰੰਗੀ ਡੋਰ
ਰੱਬਾ ਮੇਰੀ...

ਮਾਰ ਨਾ ਧੱਕੇ
ਹੋਣੀਏ ਅੜੀਏ
ਮੈਂ ਬਾਗ਼ਾਂ ਦਾ ਬੂਰ
ਤਾਰੇ ਤੋਂ ਤਾਰੇ ਦੀ ਦੂਰੀ
ਮਹਿਰਮ ਸਾਡੇ ਦੂਰ
ਇਸ ਮਿੱਟੀ ਵਿੱਚ ਦੋ ਪਲ ਜਿੰਦੇ
ਡਾਢੇ ਨੂੰ ਮਨਜ਼ੂਰ
ਭੋਰਾ ਕਿਣਕਾ ਚੰਨ ਦਾ ਮਿਲਿਆ
ਖੋਹ ਕੇ ਲੈ ਗਏ ਚੋਰ
ਰੱਬਾ ਮੇਰੀ...

ਟੁੱਟੇ ਜ਼ੋਰ ਜ਼ਮਾਨਾ ਜਾਣੇ
ਜੂਹਾਂ ਖੂਹਾਂ ਮੱਲੇ ਠਾਣੇ
ਰਾਹੀ ਭੁੱਲੇ ਰਾਹ ਪੁਰਾਣੇ
ਕੀ ਪੰਛੀ ਦਾ ਜ਼ੋਰ
ਰੱਬਾ ਮੇਰੀ...

ਮਿੱਟੀ ਖਾ ਗਈ ਕੱਚੇ ਪੱਕੇ
ਮੈਂ ਪੱਕੇ ਮਾਸੂਮ ਵੀ ਤੱਕੇ
ਤੇਰਾ ਮੁੱਖੜਾ ਭੁੱਲ ਨਹੀਂ ਸਕਦੇ
ਤੂੰ ਚਾਨਣ ਕੋਈ ਹੋਰ

ਹਾਲ ਫ਼ਕੀਰਾਂ ਦਾ ਕੀ ਗਾਉਣਾ
ਹੰਝੂਆਂ ਦੀ ਘਨਘੋਰ
ਰੱਬਾ ਮੇਰੀ ਕੱਚਿਆਂ ਦੇ
ਨਾਲ ਜੋੜ...

ਮਾਸੂਮਾਂ ਦੀਆਂ ਖ਼ੈਰਾਂ ਮੰਗੀਏ, ਨਾ ਮੰਗੀਏ ਕੁਝ ਹੋਰ
ਦਿਲ ਮੰਗਿਆ ਸੀ, ਉੱਡ ਕੇ ਮਿਲਿਆ
ਗਲੀਏਂ ਪੈ ਗਿਆ ਸ਼ੋਰ
ਮੋੜ ਮਨਾਂ ਪੱਕਿਆਂ ਤੋਂ ਵਾਗਾਂਠ, ਇਹ ਬੰਦੇ ਕੋਈ ਹੋਰ
ਰੱਬਾ ਮੇਰੀ ਕੱਚਿਆਂ ਦੇ ਨਾਲ ਜੋੜ
ਰੱਬਾ ਮੇਰੀ...

ਰੱਬ ਬਣਿਆ ਮੰਡੀ ਦਾ ਮੇਲਾ
ਜਾਂ ਗਲੀਆਂ ਦਾ ਸ਼ੋਰ
ਕੱਚੇ ਕੁਝ ਵੀ ਬਣ ਸਕਦੇ ਨੇ
ਸਾਧ ਬਾਦਸ਼ਾਹ ਚੋਰ
ਰੱਬਾ ਮੇਰੀ...

•

# ਗੀਤਾਂ ਦੇ ਬੇੜੇ

ਨਾ ਮਿਟਦੇ ਕੌਲ ਕਰਾਰ ਵੇ
ਦਿਲ ਧਮਕੇ ਕਵੀਆਂ ਹਾਰ ਵੇ

ਗੀਤਾਂ ਦੇ ਬੇੜੇ ਪੈਰ ਧਰੇ
ਦਿਲ ਡੁੱਬਿਆ ਪਰਲੇ ਪਾਰ ਵੇ

ਕੋਈ ਰੱਤ ਦੀ ਸੁਹਲ ਕਟਾਰ ਵੇ
ਆ ਚਮਕੀ ਗਗਨੋਂ ਪਾਰ ਵੇ

ਨੀਂਦਰ ਵਿਚ ਗੁੱਝੀ ਸੱਟ ਖਾ ਕੇ
ਕੁਲ ਅੰਬਰ ਰਹੇ ਦਹਾੜ ਵੇ

ਗੋਰੇ ਬੁੱਤਾਂ ਵਿਚ ਭਟਕ ਗਈ
ਸੂਹੇ ਅੱਖਰਾਂ ਦੀ ਡਾਰ ਵੇ

ਪਥਰੀਲੀ ਕਗਰ ਪਠਾਰ ਵੇ
ਗੋਰੀ ਦੇ ਗਲ ਦਾ ਹਾਰ ਵੇ

ਕਾਲੀ ਪੀਲੀ ਘਟ ਗਰਜ ਰਹੀ
ਜੋਬਨ ਦੇ ਪਰਲੇ ਪਾਰ ਵੇ

ਰੱਬ ਦਰਵੇਸ ਨਾਂ ਮੁਕਣੇ
ਤੂੰ ਮਾਰ ਸਕੇਂ ਤਾਂ ਮਾਰ ਵੇ

•

# ਕੀ ਚੰਨ ਦਾ ਸਿਰਨਾਵਾਂ

ਇਸ ਨਗਮੇਂ ਦੇ ਹੱਥ ਵੱਡ ਉੱਚੇ
ਫੈਲਣ ਵਾਂਗ ਦੁਆਵਾਂ

ਨੀਵੀਂ ਢੱਕੀ ਉਡਣ ਬਰਫਾਂ
ਝੁੱਲਣ ਪਰਬਤ ਵਾਵਾਂ

ਰੁੱਤ ਸਾਵਣ ਦੀ ਚੰਬਾ ਖਿੜਿਆ
ਖਿੜੀਆਂ ਕਿਰਨਾਂ ਛਾਵਾਂ

ਪੱਤਣਾਂ 'ਤੇ ਬਰਫਾਂ ਪਈਆਂ ਨੇ
ਬੇਲਿਆਂ ਵਿੱਚ ਬਲਾਵਾਂ

ਦਰਦ ਕਮਾਇਆ, ਲਿਖਿਆ ਗਾਇਆ
ਮੱਲੀਆਂ ਦੁੱਖ ਦੀਆਂ ਰਾਹਵਾਂ

ਮੁੱਢੋਂ ਖੋਟੇ ਲੇਖ ਇਲਮ ਦੇ
ਬਹਿ ਦਿਲ ਨੂੰ ਸਮਝਾਵਾਂ

ਪਿਛਲੇ ਜਨਮ 'ਚ ਲਿਖਣਾ ਭੁੱਲਿਆ
ਕੀ ਚੰਨ ਦਾ ਸਿਰਨਾਵਾਂ

•

## ਅੱਖਰਾਂ ਦੀਏ ਲੋਏ

ਅੱਖਰਾਂ ਦੀਏ ਲੋਏ, ਖ਼ੁਸ਼ਬੋਏ
ਚੰਨ ਤੇਰੀ ਡਗਰ ਦੀਆਂ ਛਾਵਾਂ
ਮੈਂ ਮੁਸ ਮੁਸ ਗਾਵਾਂ
ਦਾਗ਼ ਵਿਛੋੜੇ ਦੇ

ਕੁਲ ਜਲਵੇ ਥਲ ਬੁਝ ਜਾਣੇ
ਅਸੀਂ ਮੰਨੀਏ ਰੱਬ ਦੇ ਭਾਣੇ
ਉਂਝ ਨਾਬਰ ਬੜੇ ਪੁਰਾਣੇ
ਨਾਂ ਮੁੜਦੇ ਮੋੜੇ ਦੇ

ਵੱਗੇ ਪੌਣ, ਕਲਮ ਦੀਆਂ ਆਹੀਂ
ਜੂਹ ਕੱਚਿਆਂ ਦੀ ਮਿਲ ਮਾਹੀ
ਕੋਈ ਬੋਲ ਕੱਚੇ ਦੁੱਧ ਵਰਗਾ
ਸਖੀ ਲੇਖ ਨਾਂ ਮੁੜਦੇ ਮੋੜੇਦੇ

ਉੱਚਾ ਪਰਬਤ, ਸਬਜ਼ ਅਟਾਰੀ
ਖੁੱਲ੍ਹੀ ਸੁਰ ਮੰਡਲ ਦੀ ਬਾਰੀ
ਓਥੇ ਸਾਂਵਲ ਦੀ ਸਰਦਾਰੀ
ਬਾਜ਼ ਬਿਨ ਡੋਰੇ ਦੇ

ਘਣਘੋਰ ਘਟਾ ਦੀਆਂ ਛਾਵਾਂ
ਤਾਰਾ ਉਤਰੇ ਟਾਵਾਂ ਟਾਵਾਂ
ਨਗ਼ਮਾ ਭੁੱਲਿਆ ਪਿੰਡ ਦੀਆਂ ਰਾਹਾਂ
ਦੁੱਖੜੇ ਲੋਹੜੇ ਦੇ

ਅੱਖਰਾਂ ਦੀਏ ਲੋਏ
ਖ਼ੁਸ਼ਬੋਏ
ਚੰਨ ਤੇਰੀ ਡਗਰ ਦੀਆਂ ਛਾਵਾਂ
ਮੈਂ ਮੁਸ ਮੁਸ ਗਾਵਾਂ
ਦਾਗ਼ ਵਿਛੋੜੇ ਦੇ

•

# ਬਿਨ ਸ਼ਬਦ ਘਣਹਰ ਗੱਜਦਾ

ਅੱਖਰਾਂ ਦੀ ਲੋਅ ਤੂੰ, ਹੋਰ ਤੂੰ
ਚੜ੍ਹਦੇ ਦਾ ਜਲਵਾ, ਜ਼ੋਰ ਤੂੰ
ਦੋਹਾਂ 'ਚ ਕੁਝ ਸਾਂਝਾਂ ਵੀ ਹੈ
ਦੋਹਾਂ ਦਾ ਰੱਬ ਤੂੰ, ਹੋਰ ਤੂੰ

ਕੋਠੇ ਕਿਤਾਬਾਂ ਸਾਗਰੀ
ਕੁਝ ਅੰਬਰੀ ਕੁਝ ਨਾਬਰੀ

ਅੰਬਰ ਤਾਂ ਮੂਰਤ ਪਿਆਰ ਦੀ
ਪੀਆ ਦੀ ਥਾਂ ਹੈ ਬੁੱਤਗਰੀ
ਇਹ ਬੁੱਤ ਨਿਸ਼ਾਨੀ ਪਿਆਰ ਦੀ
ਹਰ ਪੱਤ ਡਾਲੀ ਯਾਰ ਦੀ

ਸੂਰਤ ਤੇ ਮੂਰਤ ਮਿੱਠੜੀ
ਨਖਰੇਲੀ ਛੋਹਰ ਤਿੱਖੜੀ

ਬਣਿਆ ਉਲਾਂਭਾ ਜੱਗ ਦਾ
ਕੁਝ ਹੋਰ ਹੈ ਜੋ ਠੱਗਦਾ
ਮੈਂ ਗੰਗ ਹਾਂ—ਮੈਂ ਜਮਨ ਹਾਂ
ਯੋਰੋਸ਼ਲਮ ਦਾ ਚਮਨ ਹਾਂ

ਨਾਂ ਸਿਦਕ ਸੀ—ਨਾਂ ਕੁਫ਼ਰ ਸੀ
ਹੱਦ ਹੁਸਨ ਸੀ—ਹੱਦ ਜ਼ਿਕਰ ਸੀ

ਬੀ ਸ਼ਬਦ ਦਾ, ਨਾਓ ਨਾਦ ਦਾ
ਦੋਹਾਂ 'ਚ ਖਿੜਦੇ ਭਾਗ ਦਾ

ਝੱਲਿਆ ਉਲਾਂਭਾ ਜੱਗ ਦਾ
ਵਿੱਥ ਕਾਲ ਕਿੱਥੇ ਲੱਭਦਾ

ਬਹਿ ਕੋਲ ਹੁਣ ਬਾਹਰ ਨਾ ਜਾ
ਗੱਲ ਦੂਰ ਤਾਰੇ ਦੀ ਸੁਣਾ

ਉਰਵਾਰ ਚਾਨਣ ਲੱਭਦਾ
ਝੱਲਿਆ ਉਲਾਂਭਾ ਜੱਗ ਦਾ

ਬਿਨ ਸ਼ਬਦ ਘਣਹਰ ਗੱਜਦਾ
ਵਿਥ ਕਾਲ ਕਿੱਥੇ ਲੱਭਦਾ

•

## ਗਾ ਜਿੰਦੇ ਸੁਖਨ ਘਰ ਆਇਆ ਇਕ ਸੁਪਨਾ

ਤੂੰ ਮਦਨ-ਬਦਨ ਦਾ ਸੁਖ ਵੇ
ਕੱਚ ਵਰਤਮਾਨ, ਕੀ ਦੁੱਖ ਵੇ

ਤੂੰ ਲਾਮਕਾਂ ਵਡ-ਪਰਬਤ
ਤੂੰ ਬੀਜ ਫਲਾਂ ਦੀ ਭੁੱਖ ਵੇ

ਤੂੰ ਰਸ ਕਸ ਵਿੱਧੀ ਕੁੱਖ ਵੇ
ਜੋ ਬੇਦ-ਕਤੇਬ ਨਾਂ ਅੰਗ ਸਕਦੇ
ਤੂੰ ਦਿਲ ਟੁੱਟਿਆਂ ਦਾ ਸੁਖ ਵੇ

ਅੰਗਪਾਲ ਜੋਬਨ ਘਰ ਆਇਆ
ਦਿਲ ਕਿਸ ਧਰਤੀ ਧਰ ਆਇਆ

ਨਾਂ ਬੁੱਕਲ ਛੁਪੇ ਛੁਪਾਇਆ
ਕੀ ਮਨ, ਕੀ ਉਸ ਦੀ ਛਾਇਆ
ਕੇਸਰ ਪਹੁ ਵੇਲੇ ਛਾਇਆ

ਇਕ ਤੇਰਾ ਨਗ਼ਮਾ ਛਾਇਆ
ਗਾ ਜਿੰਦੇ ਸੁਖਨ ਘਰ ਆਇਆ

ਧੰਦਿਆਂ ਦੀ ਬੇਰਸ ਧੁੱਪ ਚਮਕੇ
ਹਰ ਬੋਲ ਫਿਰੇ ਤਿਰਹਾਇਆ

ਗਾ ਗੀਤ, ਮੀਤ ਰੁਤ ਧਰਤੀ
ਵਿਚ ਅੱਖਰ ਬੀਜ ਲੁਕਾਇਆ

ਜੀਹਦਾ ਜੋਬਨ ਸਰਘੀ ਵਿੱਚ ਘੁਲਿਆ
ਮੈਂ ਉਹ ਨਗ਼ਮਾ ਚੁੰਮ ਆਇਆ

ਇਕ ਤੇਰਾ ਨਗਮਾ ਛਾਇਆ
ਗਾ ਜਿੰਦੇ ਸੁਖਨ ਘਰ ਆਇਆ

•

# ਸ਼ਾਇਰ ਤੇ ਮਿੱਟੀ ਦੋ ਨਹੀਂ

ਸ਼ਾਇਰ ਤੇ ਮਿੱਟੀ ਦੋ ਨਹੀਂ
ਛੁਪ ਛੁਪ ਕੇ ਏਨਾ ਰੋ ਨਹੀਂ

ਬਣ ਖ਼ਾਕ ਘਰ ਚੋਂ ਉੱਡਿਆ
ਬੇਲੇ ਮੁੜੀ ਖੁਸ਼ਬੋ ਨਹੀਂ

ਦੀਵਾ ਬਲੇ ਬਿਨ ਤੇਲ ਤੋਂ
ਅੱਥਰੇ ਬਦਨ ਦੀ ਛੋਹ ਨਹੀਂ

ਪਰਦਾ ਕੁਆਰੀ ਨਜ਼ਰ ਦਾ
ਜੋਬਨ ਜਿਹੀ ਕੋਈ ਲੋਅ ਨਹੀਂ

ਲੋਅ ਲੱਗੀ ਪਿਪਲੀ ਛਾਂ ਮਿਲੀ
ਇਕ ਤੈਨੂੰ ਸਾਡਾ ਮੋਹ ਨਹੀਂ

ਲੂੰ ਲੂੰ ਸਵੇਰਾਂ ਧੁੰਮੀਆਂ
ਇਹਨਾਂ ਤੋਂ ਬੂਹਾ ਢੋਅ ਨਹੀਂ

ਕੱਲਿਆਂ ਵੀ ਗੱਲਾਂ ਕੀਤੀਆਂ
ਮਿਲਿਆ ਸੀ ਉਹ ਪਰ ਉਹ ਨਹੀਂ

•

## ਮੇਰੀਏ ਜਿੰਦੇ !

ਮੇਰੀਏ ਜਿੰਦੇ ! ਲਾਲੀਆਂ ਦੇ ਪੈਣ ਝਲਕਾਰੇ
ਮਹਿੰਦੀਆਂ ਦੇ ਕੂਲੇ ਕੂਲੇ ਪੱਤਰੂ ਵੇ ਜਾਨੀਆਂ
ਲਾਲ ਵੇ ਸ਼ਰਮ ਦੇ ਮਾਰੇ

ਅੰਬਰਾਂ 'ਚ ਵੱਡੇ ਵੇਲੇ
ਕੂੰਜ ਕੁਰਲਾਂਵਦੀ
ਬੇਲੀਆਂ ਦੇ ਡੰਗ ਨੀ ਕਰਾਰੇ

ਉਹਦੇ ਬੰਨੇ ਸੱਜਰੀ
ਬਹਾਰ ਦੀਆਂ ਰੌਣਕਾਂ
ਸਾਡੇ ਨੈਣੀ ਹੰਝੂ ਖਾਰੇ ਖਾਰੇ

ਸੂਰਜਾਂ ਵੇ ਤੇਰੇ ਕੋਲ ਵੇਦਨਾਂ ਦੀ ਪੂੰਜੀ
ਪੱਲੇ ਸਾਡੇ ਬੁੱਕ ਕੁ ਅੰਗਾਰੇ

ਮੁੜ ਆਈ ਸ਼ਾਮ
ਅਸਾਂ ਛੱਡ ਜਾਣੇ ਆਹਲਣੇ
ਉੱਚਿਆਂ ਦੇ ਵੱਸਣ ਚੁਬਾਰੇ

ਚੰਨ ਸਾਡਾ ਬੁਝ ਗਿਆ
ਮੱਸਿਆ ਦੇ ਥਲਾਂ ਵਿੱਚ
ਸਾਡੇ ਪੈਰੀਂ ਪੈਂਡੇ ਕਾਲੇ ਕਾਲੇ
ਮੇਰੀਏ ਜਿੰਦੇ...

•

## ਗ਼ਜ਼ਲ

ਹਰ ਹਾਲ ਗਿਰਾਂ ਧੁਖਦਾ
ਡੁੱਬਿਆ ਹੈ ਕਿ ਚੜ੍ਹਿਆ ਹੈ
ਕੋਈ ਖ਼ਬਰ ਨਹੀਂ ਆਈ
ਸ਼ਾਇਦ ਕਿ ਬਹਾਰ ਆਈ

ਖੇਤੀ ਬਿਨ ਪਾਣੀ ਦੇ
ਬੀਜੀ ਵੀ ਉਗਾਈ ਵੀ
ਸੁੱਤਾ ਏਂ ਤਾਂ ਜਾਗ ਦਿਲਾ
ਧੁੱਪ ਡਾਢੀ ਚੜ੍ਹ ਆਈ

ਖੇੜਿਆਂ ਵੱਲ ਬੰਦ ਰੱਖਿਓ
ਮੇਰੀ ਕਬਰ ਦੀ ਬਾਰੀ ਨੂੰ
ਚੰਨ ਰਾਂਝੇ ਨੂੰ ਨਾ ਦੱਸਿਓ
ਕਿੰਝ ਹੀਰ ਸੀ ਕੁਰਲਾਈ

ਬੁੱਕਲ ਵਿਚ ਗੱਲ ਕਰਨੀ
ਪੀਰਾਂ ਵੱਲ ਕੰਡ ਕਰਨੀ
ਨਗ਼ਮੇਂ ਨੇ ਨਹੀਂ ਮਿਟਣਾ
ਮਿਟ ਜਾਣੀ ਸ਼ਹਿਨਸ਼ਾਹੀ

ਉੱਚਿਆਂ ਬਾਜ਼ਾਰਾਂ ਵਿੱਚ
ਇਕ ਮੈਂ ਹੀ ਗੁਨਾਹੀਂ ਸਾਂ
ਕੁਝ ਜਾਣ ਲਈ ਦੁਨੀਆਂ
ਆਪਣੀ ਨਾਂ ਸਮਝ ਆਈ

ਥਲ ਲਾਟ ਕਿਵੇਂ ਮੱਚੀ
ਚੰਨ ਖ਼ਾਕ ਕਿਵੇਂ ਹੋਇਆ
ਗਾਉਣਾ ਵੀ ਤੇ ਰੋਣਾ ਵੀ
ਮੁਕਦੀ ਨਹੀਂ ਤਨਹਾਈ

ਛੱਡ ਪੂਰਬ ਪੱਛਮ ਨੂੰ
ਵੱਡਿਆਂ ਦਾ ਰੰਗ ਜੀਵੇ
ਉੱਚੇ ਨੇ ਸੋ ਤੇਰੇ ਨੇ
ਇਕ ਬਾਤ ਸਮਝ ਆਈ

ਖੇਤਾਂ ਵਿੱਚ ਬਾਗਾਂ ਵਿੱਚ
ਫੱਗਣ ਦਾ ਚੰਨ ਚਮਕੇ
ਮਿੱਠਾ ਤੇਰਾ ਸੁਰ ਸਰਗਮ
ਕੋਈ ਗ਼ਜ਼ਲ ਨਹੀਂ ਗਾਈ

•

# ਗ਼ਜ਼ਲ

ਲਿਖ ਲਿਖ ਕੇ ਛੱਡ ਜਾਈਏ ਤਕਦੀਰ ਅਨਾਮਾਂ ਦੀ
ਥੋੜ੍ਹੀ ਜਹੀ ਗੱਲ ਕਰੀਏ ਬੰਦਿਆਂ ਬਦਨਾਮਾਂ ਦੀ

ਆਪਣੇ ਸੀ ਤਾਂ ਰੁਸਵਾ ਸੀ ਫਿਰ ਵੀ ਕੋਈ ਆਪਣਾ ਸੀ
ਉਜੜੇ ਤਾਂ ਸਮਝ ਆਈ ਚੁੱਪ ਬੀਆਬਾਨਾਂ ਦੀ

ਨੱਢੀਆਂ ਧੁੱਪ ਚੜ੍ਹਦੇ ਦੀ, ਗੱਭਰੂ ਘੁੱਟ ਚਾਨਣ ਦਾ
ਕਿਸ ਦੌਰ 'ਚ ਗੁੰਮ ਹੋ ਗਈ ਮਾਹਫ਼ਲ ਸੁਲਤਾਨਾਂ ਦੀ

ਦੱਸ ਕਿਸਨੂੰ ਪੁੱਛ ਲਈਏ– ਇਸ ਪਿਆਰ ਦਾ ਨਾਂ ਕੀ ਏ
ਨੈਣਾਂ 'ਚ ਲੁਕੋ ਰੱਖੀਏ ਸੂਰਤ ਨਾਦਾਨਾਂ ਦੀ

ਅੱਜ ਫੇਰ ਖ਼ਬਰ ਆਈ, 'ਸ਼ਾਇਦ ਕਿ ਬਹਾਰ ਆਈ'
ਰਾਹਗੀਰਾਂ 'ਚੋਂ ਨਾ ਭਾਲੋ ਸੂਰਤ ਦਿਲ ਜਾਨਾਂ ਦੀ

ਲਿਖਣਾ ਬਰਬਾਦ ਕਰੇ, ਗਾਵੋ ਬਦਨਾਮੀ ਹੈ
ਦੁਨੀਆਂ ਨੂੰ ਬੁਰੀ ਲੱਗਦੀ, ਸੁਹਬਤ ਨਾਦਾਨਾਂ ਦੀ

•

## ਕਦੇ ਕਦੇ ਯਾਦ ਆਵੇਂ

ਕਦੇ ਕਦੇ ਯਾਦ ਆਵੇਂ
ਸਰਘੀ ਦੇ ਤਾਰਿਆ
ਦੱਸ ਸਾਡੇ ਸੁੰਨੇ ਲੇਖਾਂ
ਤੇਰਾ ਕੀ ਵਿਗਾੜਿਆ

ਸਾਨੂੰ ਡਾਢਿਆਂ
ਮੁਕੱਦਰਾਂ ਦੀ ਮਾਰ
ਹੈ ਨਹੀਂ ਕੁਲ ਵਲੈਤਾਂ ਵਿੱਚ
ਮੇਰਾ ਡਾਚੀ ਦਾ ਅਸਵਾਰ

ਡੇਰੇ ਉਜੜੇ ਤੇ ਖੇੜੇ ਨਹੀਓਂ ਵੱਸਦੇ
ਜਣੇ ਖਣੇ ਸਾਡੀ ਖੇਡ੍ਹ ਉਤੇ ਹੱਸਦੇ
ਹੀਰ ਮੁੱਕੀ ਪਰ ਬੇਲਾ ਨਾ ਵਿਸਾਰਿਆ
ਜੱਗ ਜਿੱਤਿਆਂ ਮਲੰਗ ਬਾਜੀ ਹਾਰਿਆ

ਤੂੰ ਜਿੱਤ ਜਾਨੀ ਮੈ ਹਾਰ
ਹੈ ਨਹੀਂ ਕੁੱਲ....

ਹਾਕਾਂ ਭਖਦੇ ਸਿਤਾਰਿਆਂ ਨੂੰ ਮਾਰੀਆਂ
ਖ਼ਾਕ ਲੱਥ ਗਈਆਂ ਮੂਰਤਾਂ ਪਿਆਰੀਆਂ
ਹੱਥੀ ਆਪ ਗਵਾ ਲਿਆ ਯਾਰ
ਹੈ ਨਹੀਂ ਕੁਲ ਵਲੈਤਾਂ ਵਿੱਚ
ਮੇਰਾ ਡਾਚੀ ਦਾ ਅਸਵਾਰ

•

# ਗੀਤ

ਪਤਾ ਵੀ ਨਾਂ ਲੱਗਾ ਦਿਲਾ
ਕਰਮਾਂ ਦੀ ਹਾਰ ਦਾ
ਸਾਵੇ ਪੱਤਰਾਂ 'ਚ ਫੁੱਲ
ਖਿੜਿਆ ਅਨਾਰ ਦਾ
ਪਤਾ ਵੀ ਨਾਂ ਲੱਗਾ ਦਿਲਾ
ਕਰਮਾਂ ਦੀ ਹਾਰ ਦਾ

ਬੇਲੀ ਮੰਨ ਜਾਣ,
''ਚੰਨ ਚੱਖੀਏ ਬਹਾਰ ਦਾ''
ਪੁੱਛੇ ਬੇਲੀਆ ਵੇ
ਕੋਈ ਬੂਟਾ ਅਨਾਰ ਦਾ

ਮੇਲ ਤੇ ਵਿਛੋੜਾ ਦੋਵੇਂ
ਘੜੀਆਂ ਪੁਰਾਣੀਆਂ
ਅਸੀਂ ਬੱਸ ਜਾਣਦੇ ਹਾਂ
ਓਸ ਨੇ ਨਾਂ ਜਾਣੀਆਂ

ਧੂੰਆਂ ਬਣ ਉੱਡ ਗਈਆਂ
ਚੰਨਣ ਜੁਆਨੀਆਂ
ਜਿੱਤ ਕੇ ਤੇ ਬਾਜ਼ੀ ਜੀਵੇਂ
ਏਵੇਂ ਕੌਣ ਹਾਰਦਾ

ਖਿੜੇ ਬੇਲੀਆ ਵੇ
ਕੋਈ ਬੂਟਾ ਅਨਾਰ ਦਾ
ਪਤਾ ਵੀ ਨਾਂ ਲੱਗਾ
ਦਿਲਾ ਕਰਮਾਂ ਦੀ ਹਾਰ ਦਾ

ਸਾਡੀ ਗਲੀ ਫੇਰਾ
ਦਰਵੇਸ਼ ਤਾਰੇ ਪੌਣਗੇ
ਸੁੰਨਿਆ ਨਸੀਬਾਂ ਵਿੱਚ
ਚੰਨ ਦਮਕੌਣ ਗੇ
ਚੰਨ ਨੂੰ ਗਵਾ ਕੇ
ਕੌਣ ਚੰਨ ਨੂੰ ਵਿਸਾਰਦਾ
ਪਤਾ ਵੀ ਨਾਂ ਲੱਗਾ ਦਿਲਾ ਕਰਮਾਂ ਦੀ ਹਾਰਦਾ

•

## ਅਲਫ਼

ਚੰਨ ਅੰਮ੍ਰਿਤ ਰੁਖੜੇ ਦਾ
ਕਲਮਾ ਰੱਬ ਪੜ੍ਹਿਆ
ਨਾਨਕ ਤੇਰੇ ਮੁੱਖੜੇ ਦਾ

## ਲਾਮ

ਗੰਗਾ ਚੰਨ ਦੀ ਬੇੜੀ ਏ
ਮਾਹੀ ਪਟਣੇ ਦਾ
ਪਰਭਾਤ ਦੀ ਫੇਰੀ ਏ

## ਮੀਮ

ਤੇਰੀ ਪੈੜ ਗਵਾ ਬੈਠੇ
ਅੰਬਰਾਂ ਨੇ ਜੋ ਲਿਖਿਆ
ਧਰਤੀ ਨੂੰ ਸੁਣਾ ਬੈਠੇ

•

# ਗੀਤ

ਜੇ ਜੀਵੇਂ ਮਨਜ਼ੂਰ ਵੀ ਥੀਵੇਂ
ਨਾਂ ਕਰ ਮਾਣ ਨਸੀਬਾਂ ਤੇ

ਮੰਦੜੇ ਹਾਲ ਫ਼ਕੀਰਨ ਥੀਣਾ
ਵੱਸ ਨਾ ਪਵੀਂ ਤਬੀਬਾਂ ਦੇ

ਕਹਿਣਾ ਫੇਰ ਮਲਾਹ ਆਪਣੇ ਨੂੰ
ਦਿਲ ਡੋਲੇ ਦਰਿਆਵਾਂ ਦੇ
ਥੁੱਈਆ ਥੁੱਈਆ ਜੋਬਨ ਵਿੱਚ
ਤੂਫ਼ਾਨ ਹਿਜਰ ਦੀਆਂ ਛਾਵਾਂ ਦੇ
ਜੇ ਜੀਵੇਂ...

ਤੂੰ ਡੂੰਘੇ ਤਾਰੇ ਦੀ ਰੂਹ ਦੀ
ਦਰਦ ਰੰਞਾਣੀ ਈਦ ਵੀ ਹੈਂ
ਜਾਂ ਬੇਨੀਰ ਥਲਾਂ ਦੇ ਹੰਝ ਦੀ
ਰੂਹ ਵਿੱਚ ਵਿਸਰੀ ਦੀਦ ਵੀ ਹੈ
ਜੇ ਜੀਵੇਂ...

ਰੱਬ ਨੇ ਚੰਨ ਅੰਬਰ ਤੋਂ ਵਾਰੇ
ਚੁੰਮ ਕੇ ਨੈਣ ਦੁਆਵਾਂ ਦੇ
ਰੁਣ-ਝੁਣ ਰਾਤ ਉਦੋਂ ਤੋਂ ਗਾਵੇ
ਮੂਕ ਥਲਾਂ ਦਿਆਂ ਰਾਹਾਂ ਤੇ
ਜੇ ਜੀਵੇਂ...

ਪਾਕ ਪੱਤਣ ਦੀਓ ਗਲੀਓ ਨੀ
ਝੁੰਡ ਆਣ ਲੱਥੇ ਦਰਵੇਸ਼ਾਂ ਦੇ
ਕੁਝ ਕੂੰਦੇ ਕੁਝ ਬੋਲ ਨਾਂ ਜਾਣਨ
ਰਾਂਝਣ ਰੁੱਠੜੇ ਦੇਸਾਂ ਦੇ
ਜੇ ਜੀਵੇਂ...

ਤੂੰ ਮਿਲਿਆ ਕਿਸ ਵੇਲੇ ਮਿਲਿਆ
ਕੂਕ ਸੁਬ੍ਹਾ ਦੇ ਤਾਰੇ ਨੂੰ
ਰਾਂਝਣ ਤੇਰੇ ਨੈਣ ਭੁਲਾ
ਨਹੀਂ ਜਾਣਾ ਤਖ਼ਤ ਹਜ਼ਾਰੇ ਨੂੰ

ਜੇ ਜੀਵੇਂ ਮਨਜ਼ੂਰ ਵੀ ਥੀਵੇਂ
ਨਾਂ ਕਰ ਮਾਣ ਨਸੀਬਾਂ ਤੇ

ਮੰਦੜੇ ਹਾਲ ਫ਼ਕੀਰਨ ਥੀਣਾ
ਵੱਸ ਨਾਂ ਪਵੀਂ ਤਬੀਬਾਂ ਦੇ

•

## ਕੀ ਪੁੱਛੇਂ ਪਿਪਲੀ ਦੀਏ ਵਾਏ

ਵਣ ਵਣ ਪੀਲੂ ਪੱਕੀਆਂ ਰਾਹੀਆ
ਸਿਖਰ ਦੁਪਿਹਰਾਂ ਢਲੀਆਂ
ਚੁੱਪ ਨੇ ਝੋਕਾਂ

ਝੁੱਲੀਆਂ ਨੇ ਨਾਦਰ ਦੀਆਂ ਪੌਣਾਂ
ਰਾਮ ਮੇਰੇ ਕੀ ਧੋਖਾ
ਮਨੂਆ ਖੋਟਾ

ਜਮਨਾ ਕੰਢੇ ਕਹਿਰ ਦਾ ਬੇੜਾ
ਖੁਲ੍ਹਿਆ ਕਾਲ ਝਰੋਖਾ
ਹਾਏ ਵੇ ਲੋਕਾ

ਕੀ ਪੁੱਛੇਂ ਪਿੱਪਲੀ ਦੀਏ ਵਾਏ
ਜੂਹਾਂ ਕਿਵੇਂ ਉਜੜੀਆਂ
ਅੱਗ ਦੀਆਂ ਝੜੀਆਂ

ਕਿੰਝ ਧੀਆਂ ਦੇ ਸਾਲੂ ਪਾਟੇ
ਕੰਧਾਂ ਠਰੀਆਂ ਠਰੀਆਂ
ਰੱਤ ਦੀਆਂ ਭਰੀਆਂ

ਰੱਬਾ ਰਹਿਮ ਕਰੀਂ ਵਤਨਾਂ ਤੇ
ਰੱਤ ਦੀਆਂ ਬੂੰਦਾਂ ਵਰ੍ਹੀਆਂ
ਫ਼ਸਲਾਂ ਸੜੀਆਂ

ਜੁੱਗਾਂ ਪਿਛੋਂ ਏਡ ਬਲਾਵਾਂ
ਕੀਹਨੂੰ ਮਾਰਨ ਚੜ੍ਹੀਆਂ
ਚਿੱਕੜ ਭਰੀਆਂ

ਗੰਗਾ ਸਿੰਧ ਦੀ ਵਾਦੀ ਅੰਦਰ
ਪਿਆਸੀਆਂ ਜੂਹਾਂ ਸੜੀਆਂ
ਬੇਦਿਲ ਘੜੀਆਂ

ਆਹਲਣਿਆਂ ਵਿੱਚ ਪੰਛੀ ਸੜ ਗਏ
ਗੋਕਲ ਵਿੱਚ ਗੁਜਰੀਆਂ
ਬਾਂਕੀਆਂ ਵਰੀਆਂ

ਬਾਬਲ ਦੇਸ ਤੇਰੇ ਤੇ ਮੁੜੀਆਂ
ਆਦਮਖੋਰੀ ਘੜੀਆਂ
ਰੂਹਾਂ ਠਰੀਆਂ

ਪੀ ਵਤਨਾਂ ਦਾ ਖਾਰਾ ਪਾਣੀ
ਕੂੰਜਾਂ ਥਲ ਵਿੱਚ ਮਰੀਆਂ
ਅੱਥਰੂ ਭਰੀਆਂ

ਜ਼ੁਲਮਾਂ ਵਾਲਿਆਂ ਜ਼ੁਲਮ ਕਮਾਏ
ਰਾਜ ਕਰੇਂਦੀਆਂ ਮੜ੍ਹੀਆਂ
ਕੀ ਦਿਲਬਰੀਆਂ !

ਰਾਮ ਮੇਰਾ ਪੱਥਰਾਂ ਤੇ ਸੌਂਦਾ
ਸੀਤਾ ਤੇ ਕੀ ਬਣੀਆਂ
ਨੈਣਾਂ ਭਰੀਆਂ

ਏਨੇ ਟੁੱਟਿਆਂ ਦਾ ਕੀ ਜੀਣਾ
ਮੇਲ ਗੀਤ ਦੀਆਂ ਲੜੀਆਂ
ਰੂਹਾਂ ਠਰੀਆਂ

ਬਾਬਲਾ ਵੇ ! ਚਿੱਟੀਆਂ ਚਿੱਟੀਆਂ ਕੂੰਜਾਂ
ਜੀਵੇਂ ਦੇਸ ਤੇਰੇ ਵਿੱਚ ਮਰੀਆਂ
ਕੀਕੂੰ ਜਰੀਆਂ

•

# ਬਾਣ ਗੀਤ ਦਾ ਮਾਰੇ

ਭਰਿਆ ਬੁੱਕ ਗੁਨਾਹ ਸਰਵਰ 'ਚੋਂ
ਪੀ ਗਏ ਰੱਬ ਦੇ ਮਾਰੇ

ਤੁਰ ਗਏ ਕਿਹੜੀ ਧਰਤੀ ਵੱਲੇ
ਸਰਘੀ ਦੇ ਵਣਜਾਰੇ

ਕਿਧਰੋਂ ਆਇਆ ਕੌਣ ਬਲੀ ਸੀ
ਪੁੱਛਦੇ ਬੋਲ ਪਿਆਰੇ

ਠਰੇ ਠਰੇ ਹੱਥ ਨਾਰ ਗੋਰੀ ਦੇ
ਭਖਦੇ ਵਾਂਗ ਅੰਗਾਰੇ

ਰਾਤੀਂ ਖ਼ੂਨ ਤੇਰਾ ਸੁਪਨੇ ਵਿੱਚ
ਕਰ ਗਏ ਮੋਹ ਦੇ ਮਾਰੇ

ਆਹ ਘੁੱਟ ਪੀ ਲੈ ਬੋਲ ਨਾਂ ਮੰਦਾ
ਪੀ ਲੈ ਕਮਲੀਏ ਨਾਰੇ

ਕੋਈ ਕੋਈ ਪਰਬਤ ਬਿਰਖਾਂ ਵਿੱਚ ਦੀ
ਬਾਣ ਗੀਤ ਦਾ ਮਾਰੇ

ਰਾਤ ਵਿਚਾਰੀ ਫੱਕਰਾਂ ਵਾਂਗੂੰ
ਰੋਹੀਏਂ ਪੈਰ ਪਸਾਰੇ

ਜਾਂ ਕਣਕਾਂ ਦੀ ਰਾਖੀ ਸੁੱਤੇ
ਕੁਝ ਅੰਬਰਾਂ ਦੇ ਤਾਰੇ

ਪੱਤ ਪਿੱਪਲੀ ਦੇ ਵਿੰਨ੍ਹਣੇ ਸੌਖੇ
ਸੌਖੇ ਵਿੰਨ੍ਹਣੇ ਤਾਰੇ

ਜਿਸ ਸੀਨੇ ਵਿੱਚ ਰੱਤ ਮਾਹੀ ਦੀ
ਉਸ ਨੂੰ ਕੌਣ ਵੰਗਾਰੇ

•

# ਸੁਣ ਹੁਸਨਾਂ ਦਿਆ ਪਾਣੀਆਂ

ਸੁਣ ਹੁਸਨਾਂ ਦਿਆ ਪਾਣੀਆਂ
ਜਿੰਦ ਸਰੂਆਂ ਵਾਂਗ ਜਵਾਨ
ਸਾਡੀ ਹੰਝੂ ਰੰਗੀ ਜਿੰਦ ਵੇ
ਸਾਡਾ ਹੌਕੇ ਜਿਹਾ ਜਹਾਨ

ਅੱਜ ਮੁੜ੍ਹਕੋ ਮੁੜ੍ਹਕਾ ਅੰਬਰਾਂ
ਰਾਤਾਂ ਦੇ ਕੋਲ ਖਲੋ
ਏਸ ਨਿੰਮੋਝੂਣ ਦੋਮੇਲ ਦੇ
ਲੱਖ ਹੰਝੂ ਲਏ ਲੁਕੋ

ਸਾਡੇ ਬੋਲ ਅਯਾਣੀ ਵੇਦਨਾ
ਪਲਕਾਂ ਵਿੱਚ ਸੱਜਰਾ ਨੀਰ
ਇਹ ਜਿੰਦ ਬਿਰਹਾ ਦਾ ਬੂਟੜਾ
ਉਮਰਾਂ ਵਾਂਗ ਫ਼ਕੀਰ

ਚਮਕੇ ਚੰਨ ਬਹਾਰ ਦਾ
ਨਿਸਲ ਪਏ ਪਰਾਣ
ਚੰਬੇ ਗਾਵਣ ਗੋਰੀਆਂ
ਜੀਅ ਦੇ ਨਾਲ ਜਹਾਨ

ਚੰਨ ਵਿਚ ਚਾਨਣ ਯਾਰ ਦਾ
ਮੈਂ ਪਹੁੰਚਾਂ ਕਿਹੜੇ ਰਾਹ
ਜਦ ਸਰਘੀ ਵਰਗੇ ਨੈਣ ਵੇ
ਗਏ ਬੂੰਦ ਬੂੰਦ ਕੁਮਲਾ

ਮੈਂ ਕੇਰਾਂ ਬੀਜ ਵੈਰਾਗ ਦਾ
ਜੇ ਧਰਤੀ ਮੰਗਦੀ ਹੋ
ਹੰਝੂਆਂ ਦਾ ਪਾਣੀ ਦਿਆਂ ਜੀ–
ਮੈਂ ਸੰਘਣੀ ਰਾਤੇ ਰੋ

ਤੂੰ ਫੁੱਲ ਧਰਤੀ ਦਾ ਆਖਰੀ
ਤੂੰ ਪਿਆਰਾਂ ਦੀ ਖੁਸ਼ਬੋ
ਰੁੱਤ ਸਦਾ ਸੁਹਾਗਣ ਮੰਗਦੀ
ਤੇਰੀ ਚਾਨਣ ਚਾਨਣ ਲੋਅ

ਇਕ ਪਲ ਜਾਗੇ ਵੇਦਨਾ
ਲੱਖ ਪਲ ਹੋਣ ਹਰੇ
ਸੁਣ ਤਿਲ ਕਲੀਏ ਖਿੜਦੀਏ
ਤੂੰ ਕਿਉਂ ਨੈਣ ਭਰੇ

•

## ਸੌਣ ਸਹੇਲੀ

ਸੌਣ ਸਹੇਲੀ ਅੰਗ ਨਿਖਾਰੇ
ਬਹਿਕੇ ਸਬਜ਼ ਬਨੇਰੇ
ਸਬਜ਼ ਬਨੇਰਿਓਂ ਉਡੀਆਂ ਕੂੰਜਾਂ
ਪਾ ਵਤਨਾਂ ਵੱਲ ਫੇਰੇ

ਫੜਕੇ ਬਾਂਹ ਜੰਗਲਾਂ ਪੁੱਛਦੀ
ਪੌਣ ਬਿਰਖ ਦੀ ਲਾੜੀ
ਬਾਗ਼ ਤੇਰੇ ਦੀ ਕੋਇਲ ਬਣਕੇ
ਝੱਲੀ ਬਹੁਤ ਖੁਆਰੀ

ਜਾਂ ਮੈਂ ਰੁੱਤ ਦਾ ਪੀਹੜਾ ਡਾਹਕੇ
ਕੇਸ ਤਲਬ ਦੇ ਵਾਹਾਂ
ਠੋਡੀ ਹੱਥ ਧਰਕੇ ਮੈਂ ਸੋਚਾਂ
ਹਰ ਰੁਤ ਸੁੰਨੀਆਂ ਰਾਹਾਂ

ਆਖ ਰਹੀ ਮੈਂ ਵਰਜ ਰਹੀ
ਮੈਂ ਵਣ ਵਣ ਅੱਥਰੂ ਬੋਲਾਂ
ਬਹਿ ਨਾ ਏਸ ਬੋਹੜ ਦੀ ਛਾਵੇਂ
ਟੁੱਕ ਨਾ ਵਿਹੁਲੀਆਂ ਗੋਹਲਾਂ

ਉਸ ਰਾਹ ਦਾ ਦੱਸ ਕੌਣ ਮੁਸਾਫ਼ਰ
ਨਾ ਦਿਨ ਰਾਤ ਨਾ ਰਾਹੀ
ਸਿੱਖਰ ਦੁਪਹਿਰੇ ਜਿਸ ਦਾ ਡੁੱਬਿਆ
ਸੂਰਜ ਵਰਗਾ ਮਾਹੀ

ਆਈਆਂ ਕੂੰਜਾਂ ਚੱਲੀਆਂ ਕੂੰਜਾਂ
ਪਲ ਦੋ ਪਲ ਕੁਰਲਾ ਕੇ
ਪੀ ਨੈਣਾਂ ਦਾ ਖਾਰਾ ਪਾਣੀ
ਮੋਈਆਂ ਪਿਆਸ ਬੁਝਾ ਕੇ

ਸੌਣ ਸਖੀ ਦੀਆਂ ਲੰਮੀਆਂ ਬਾਤਾਂ
ਪੰਛੀ ਕਰਨ ਤਿਹਾਏ
ਆ ਜਾ ਬੋਲ ਦੀ ਗੋਦੀ ਬਹਿ ਜਾ
ਨੀ ਪਿਪਲੀ ਦੀਏ ਵਾਏ

•

# ਆਈ ਧਰਤੀ ਚੱਲਕੇ

ਆਈ ਧਰਤੀ ਚੱਲਕੇ ਕਾਲ ਰਿਖੀ ਦੇ ਕੋਲ
ਜਿਸ ਦੇ ਨੈਣੀਂ ਦਇਆ ਦਾ ਅੱਥਰੂ ਇਕ ਅਬੋਲ

ਸਾਡਿਆਂ ਬਿਰਖਾਂ ਹਾਣ ਦਾ
ਕੰਬਿਆਂ ਹੁਣ ਦੇ ਕੋਲ

ਰੋਹੀ ਬੁੱਤ ਕੰਗਾਲ ਦਾ
ਪਿੰਡ ਦੇ ਬੰਨਿਆਂ ਕੋਲ

ਸੂਤੀ ਕਿਸੇ ਸਰਾਲ ਨੇ
ਜਿੰਦ ਇਸਦੀ ਅਣਮੋਲ

ਝੁੱਲ ਅੰਬੀ ਦੀਏ ਡਾਲੀਏ
ਸ਼ਹੁ ਦਿਆਂ ਗਗਨਾਂ ਕੋਲ

ਲੱਖਾਂ ਦਿਲ ਇਤਿਹਾਸ ਦੇ
ਮਾਰਨ ਕਸ ਕਸ ਬੋਲ

ਜੰਗਲ ਜੂਹ ਰੰਗ ਸ਼ਾਮ ਦਾ
ਗੁੰਮ ਸੁੰਮ ਡਾਵਾਂ ਡੋਲ

ਰੋਹੀ ਦੀਵਾ ਬਾਲੀਏ
ਬਿਨਾਂ ਕਾਜ, ਬਿਨ-ਬੋਲ

ਮਾਰੀਏ ਹਾਕ ਫ਼ਨਾਹ ਨੂੰ
ਭਰ ਨਗ਼ਮੇ ਦੀ ਝੋਲ

ਪੈਰਾਂ ਹੇਠਾਂ ਆ ਗਿਆ
ਸੂਰਜ ਅੱਗ-ਬਗੋਲ

ਭਖ ਵੇ ਜਾਨੀਆਂ ਸੂਰਜਾ
ਗੋਰੀ ਦੀ ਗੱਲ੍ਹ ਕੋਲ

ਇਸ ਜੋਬਨ ਵਿੱਚ ਟਹਿਲਦੇ
ਤੁਤਲੇ ਤੁਤਲੇ ਬੋਲ

ਦਰਿਆ ਲੈਣ ਉਧਾਲ ਨਾਂ
ਰੰਗ ਇਸ ਦੇ ਅਨਮੋਲ

ਕਦੇ ਕਦਾਈਂ ਡੋਲਦਾ
ਮਨ ਚੰਦਰੇ ਦਾ ਕੌਲ

ਹਰ ਜੋਬਨ ਦੀ ਵਿਦਾ ਦੇ
ਡੂੰਘੇ ਮਨ ਵਿਚ ਹੌਲ

ਓੁੱਡਰ ਜੀਆ ਜੋਬਨਾਂ
ਕੂੜੇ ਤੇਰੇ ਕੌਲ

ਬਿਨ ਜੋਬਨ ਕਿੰਝ ਸੋਹਣਗੇ
ਬੂੰਦੇ ਕੰਨਾਂ ਕੋਲ

ਜ਼ਖਮੀ ਬੋਲ ਬਹਾਰ ਦੇ
ਮਾਰਨ ਕਸ ਕਸ ਬੋਲ

ਪਰ ਪਰਾਰ ਕੋਈ ਸੂਰਮਾ
ਔਸ ਸ਼ਰੀਂਹ ਦੇ ਕੋਲ

ਹੱਥ ਮੋਢੇ ਧਰ ਤੁਰ ਗਿਆ
ਬਿਨ ਹੰਝੂ ਬਿਨ ਬੋਲ

•

# ਫੁੱਲਾਂ ਦੇ ਸੁਰਤਾਲ

ਗੋਰ ਨਿਮਾਣੀ ਖਿੜਦੀ ਏ ਮਹਿੰਦੀ
ਅੱਥਰੀ ਮਹਿਕ ਪਈ

ਏਥੋਂ ਡਿੱਠਾ ਹਰ ਕੋਈ ਹਾਰਦਾ
ਏਥੇ ਹਾਰ ਸਹੀ

ਆਪਣੀ ਜੂਹ ਦੇ ਫੁੱਲ ਕਮਾਲ
ਨਾਂ ਇਹਨਾਂ ਦਾ ਨਾਂ ਥਾਂ ਕੋਈ
ਨਾਂ ਭੰਵਰਾ ਨਾਂ ਡਾਲ

ਸਿਖਰ ਦੁਪਹਿਰੇ ਛੰਭ ਤੇ ਜੁੜਦੇ
ਗਹਿਰ ਗੰਭੀਰ ਹਲਾਲ

ਲੱਕ ਇਨ੍ਹਾਂ ਦੇ ਸਾਵੇ ਲਾਚੇ
ਦਾਮਨ ਵਿੱਚ ਗੁਲਾਲ

ਕਿਸੇ ਨਾਂ ਪੁੱਛਿਆ ਵਰਜਿਆ
ਹੁਣ ਕੋਈ ਨਾਂ ਰੱਖਦਾ ਨਾਲ

ਸੱਚ ਸ਼ਾਇਰਾਂ ਨੇ ਆਖਿਆ
ਕੌਣ ਤੁਰੇ ਗੁਨਾਹੀਆਂ ਨਾਲ

ਟਿੱਬਿਆਂ ਓਹਲੇ ਜੰਡ ਫ਼ਲਾਹੀਆਂ
ਸਣ ਪੱਤਰਾਂ ਸਣ ਡਾਲ

ਸਾਵਣ ਬਾਗ਼ੀਂ ਘਿਰ ਘਿਰ ਆਏ
ਤੈਨੂੰ ਕਿਸ ਦੀ ਭਾਲ

ਕੋਈ ਕੋਈ ਰੁੱਖ ਸ਼ਰੀਂਹ ਦਾ ਕੰਬੇ
ਖੜ੍ਹਾ ਬਨੇਰਿਓਂ ਪਾਰ

ਢੂੰਡਣ ਗਈ ਨਾ ਬਹੁੜਦੇ
ਫੁੱਲਾਂ ਦੇ ਸੁਰਤਾਲ

ਮੇਰੇ ਗੀਤ ਨਾਂ ਬੇਲਿਓ ਪਰਤੇ
ਵਾਹ ਕਰਮਾਂ ਦੀ ਮਾਰ

•

## ਕੀ ਕੀ ਰੋਗ ਸਹੇੜੇ

ਪਲ ਪਲ ਧਸਦੀ ਜਾਵੇ
ਦਿਲ ਵਿੱਚ ਰੈਣ-ਛਾਵਾਂ ਦੀ ਲੋਈ

ਬੱਦਲਾਂ ਜਿਊਂ ਘਣਘੋਰੇ ਲੂੰ ਲੂੰ
ਇਸ ਪਲ ਦੀ ਖੁਸ਼ਬੋਈ

ਪੌਣਾ ਅਜੇ ਨਾ ਤੁਰਨਾ ਸਿਖਿਆ
ਜੰਗਲੀ ਮਹਿਕ ਨਾ ਹੋਈ

ਇਸ ਪਲ ਦੀ ਛਾਤੀ ਤੇ ਖੁਣਿਆ
ਪਿੱਪਲਾਂ ਉਹਲੇ ਕੋਈ

ਅੱਗੇ ਪਿਛੇ ਸ਼ਹੁ ਸਾਗਰ ਦੀ
ਹੂੰਗਰ ਪੌਣੀ ਹੋਈ

ਮਿੱਟ ਜਾਣਾ ਹੱਥਾਂ ਦੀਆਂ ਲੀਕਾਂ
ਮਿੱਟ ਜਾਣੀ ਤ੍ਰੈਲੋਈ

ਰੁੱਖਾਂ ਬਿਰਖਾਂ ਕੀ ਕੁਝ ਲਿਖਿਆ
ਜਾਣੇ ਕੋਈ ਕੋਈ

ਔਸ ਸਰਾਂ ਵਿੱਚ ਰਾਹੀ ਉਤਰੇ
ਜਾਂ ਕੂੰਜਾਂ ਦਾ ਜੋੜਾ

ਬਹਿ ਗਏ ਸੇਕਣ ਸੇਕ ਰੁੱਤਾਂ ਦਾ
ਭੇਦ ਉਮਰ ਦਾ ਥੋਹੜਾ

ਰਸਨਾਂ ਜਿਊਂ ਰੋਹੀ ਦੀਆਂ ਪੀਲ੍ਹਾਂ
ਲੋਭ ਨਾਂ ਕਰੀਏ ਭੋਰਾ

ਰੂਪ ਸਲਾਹੀਏ ਉਸ ਗੋਰੀ ਦਾ
ਜੀਹਨੂੰ ਪਊ ਵਿਛੋੜਾ

ਜਾਂ ਜਿਸ ਦੇ ਵਿਹੜੇ ਦਾ ਦੀਵਾ
ਬੁੱਝਿਆ ਸਹਿਜ ਸਵੇਰੇ

ਕੁਲ ਟਿੱਬਿਆਂ ਦਾ ਰੇਤਾ ਉੱਡਦਾ
ਜਿਸ ਦੇ ਸੱਖਣੇ ਵਿਹੜੇ

ਨਾਂ ਇਹ ਮੌਤ ਨਾਂ ਮਾਣ ਜੁਆਨੀ
ਕੀ ਕੀ ਰੋਗ ਸਹੇੜੇ !

•

# ਆਈਆਂ ਪੌਣਾਂ ਕਾਨ੍ਹਾ

## ਗੀਤ

ਆਈਆਂ ਪੌਣਾਂ ਕਾਨ੍ਹਾ
ਘੁੰਮ ਜੰਗਲ ਬੇਲੇ

ਬੂੰਦਾਂ ਮਟਕੀ ਭਰੀ
ਨੀਂਦ ਬਿਰਖਾਂ ਦੇ ਉਹਲੇ

ਸੁਣੇ ਹੂੰਘ ਮਨਾਂ
ਵੇਲਾ ਅੰਮ੍ਰਿਤ ਹੋਯਾ

ਚੁੱਲ੍ਹੇ ਅਗਨੀ ਬਲੇ
ਪਾਰ ਬੱਦਲੀ ਬੋਲੇ

ਤੇਰੇ ਬੋਲ ਭਲੇ
ਭਲਾ ਫੁੱਲ ਕੇਸੂ ਦਾ

ਪੌਣੇ ਤੇਰੀ ਗਲੀ
ਫੁੱਲ ਰੋਹੀਆਂ ਦਾ ਡੋਲੇ

ਆਹ ਲੈ ਚੂਰੀ ਕਾਨ੍ਹਾ
ਬੰਦੀ ਦੋ ਹੱਥ ਜੋੜੇ

ਸਾਡੇ ਰੋਗ ਜਿਹਾ
ਕਾਨ੍ਹ ਹੱਸੇ ਨ ਬੋਲੇ

---

ਡਾ. ਰੰਧਾਵਾ ਦੀ ਪੁਸਤਕ 'ਦਾ ਕਾਂਗੜਾ ਵੇਲੀ ਪੇਂਟਿੰਗਜ਼' ਦਾ ਦੀਦਾਰ ਕਰਕੇ ਸੁੱਤੇ। ਕਾਨ੍ਹ ਜੀ ਦਾ ਇਹ ਸੁਪਨਾ ਹਾਜ਼ਰ ਹੈ।

•

# ਉੱਚਾ ਤਖਤ ਵਿਜੋਗ ਦਾ

ਉੱਚਾ ਤਖ਼ਤ ਵਿਜੋਗ ਦਾ
ਹੇਠ ਵੱਗੇ ਦਰਿਆ

ਸੁਪਨਾ ਉਜੜੀ ਸ਼ਾਮ ਦਾ,
ਸੀਨੇ ਵਿੱਚ ਧਸਿਆ

ਜਾਂਦਾ ਸਾਂਵਲ ਰੁੱਸਿਆ
ਹੱਥ ਕੰਗਣਾਂ ਬਾਂਹ ਲਮਕਾ

ਕੁੱਲ ਖਲਕਤ ਸਾਥੋਂ ਰੁਸ ਗਈ
ਤੇ ਰੁੱਸਿਆ ਬਹੁਤ ਖ਼ੁਦਾ

ਜਾਨੀ ਰੁੱਠੇ ਭਾਲੀਏ
ਭਾਲਣ ਚੜ੍ਹੇ ਖ਼ੁਦਾ

ਲਾਲ ਦਮਾਂ ਦਿਆਂ ਲੋਭੀਆ
ਭੁੱਲਿਆ ਕਿਹੜੇ ਚਾਅ

ਸਾਇਆ ਖੋਟੇ ਲੇਖ ਦਾ
ਜਾਂ ਕਾਦਰ ਠੱਗਦਾ

ਕੌਲ ਕਰਾਰਾਂ ਡੰਗਿਆ
ਦਿਹੁੰ ਫਿਰ ਵੀ ਚੜ੍ਹਦਾ

ਬੇਗ਼ਾਨੇ ਤਾਂ ਮੰਨ ਗਏ
ਅਪਣੇ ਲਏ ਗਵਾ

ਏਸ ਕਦੀਮੀ ਸ਼ਹਿਰ ਵਿੱਚ
ਪਰਦਾ ਕਿਸ ਗੱਲ ਦਾ

ਰਾਠ ਜਵਾਨੀ ਬਲਦੇ ਪੈਂਡੇ
ਸੁੰਨੀਆਂ ਬਾਰ ਬਰੂਹਾਂ

ਰਾਤਾਂ ਬਿਸੀਅਰ ਡੰਗੀਆਂ ਸ਼ੂਕਣ
ਵਿੱਚ ਸੁਪਨੇ ਦੀਆਂ ਜੂਹਾਂ

ਸ਼ਹਿਰ ਭਲੇ ਗਲੀਆਂ ਬਦਨਾਮੀ
ਆਵਲ ਬਾਵਲ ਰੂਹਾਂ

ਉੱਚੇ ਬੁਰਜ ਮਹਿਲ ਦੀ ਬਾਰੀ
ਅੰਬਰ ਬੂਰ ਭਰੇ

ਹਰੇ ਭਰੇ ਸੂਹੇ ਰੁੱਤ ਪੰਛੀ
ਮੁੜ ਪਏ ਏਸ ਵਰ੍ਹੇ

ਅਹਿਦ ਬੇਗ਼ਾਨੇ ਪਰਦੇਸੀ ਦਾ ਮੱਥਾ ਠਰੇ ਠਰੇ
ਰੁੱਖ ਜੂਹਾਂ ਹਰਨੌਟੇ ਸਾਂਭਣ ਅੱਥਰੂ ਭਰੇ ਭਰੇ

•

# ਉੱਚੇ ਬੁਰਜ ਬਹਾਰ ਦੇ

ਸਾਵੇ ਪਰਬਤ ਬਾਂਕੀਆਂ ਜੂਹਾਂ
ਕੇਸਰ ਖਿੜੀ ਬਹਾਰ

ਉੱਚੇ ਬੁਰਜ ਬਹਾਰ ਦੇ
ਦਿਸਣ ਪੱਤਣੋਂ ਪਾਰ

ਮੱਲਿਆ ਲੋਭੀ ਯਾਰ ਨੇ
ਸੀਨਾ ਹੀਰ ਸਿਆਲ

ਤੋੜ ਦਿਲਾਂ ਦੀਆਂ ਗਾਨੀਆਂ
ਲੱਦ ਗਏ ਦਿਲਾਂ ਦੇ ਯਾਰ

ਕੁੱਲ ਮੁਲਖ ਅਸਾਂ ਨੂੰ ਮਾਰਦੇ
ਇਕ ਤੂੰ ਨਾਂ ਸਾਨੂੰ ਮਾਰ

•

# ਦੋ ਕਣੀਆਂ

ਡੰਗ ਲੱਖਾਂ ਸ਼ਹਿਦ ਦੀਆਂ ਦੋ ਕਣੀਆਂ
ਮੇਰੀ ਕਾਇਆ ਬੈਠੀਆਂ ਮੱਲ ਵੇ

ਸੰਝ ਵੇਰ ਮੂੰਗੀਆਂ ਪਰਬਤ ਤੇ
ਗਏ ਛੰਮ ਛੰਮ ਦੀਵੇ ਬਲ ਵੇ

ਚੀੜ੍ਹਾਂ ਪਰਬਤ ਤਾਰਾ ਤਾਰਾ
ਵਿੱਚ ਨਗ਼ਮਾਂ ਥੱਈਆ ਥੱਈਆ

ਹਠ ਟੁੱਟੇ ਕਿਵੇਂ ਖ਼ੁਦਾਈ ਦਾ
ਅੱਗ ਸੀਨੇ ਵਿੱਚ ਲਹਿ ਗਈਆ

ਹੁਣ ਇਹ ਮਿੱਟੀ ਬਦਨਾਮ ਸਹੀ
ਭੀ ਤੇਰੀ ਮੇਰੀ ਮਿੱਟੀ

ਸੁਲਤਾਨ ਦਿਲਾ, ਸੁਰਤਾਲ ਸੁਧਾ
ਤਕਦੀਰਾਂ ਨੇ ਭੰਨ ਸੁੱਟੀ

•

# ਕਦ ਖਿੜਿਆ ਚੰਬਾ

ਬਾਲਾਂ ਵਾਗੂੰ ਘੂਰਦਾ
ਕੋਈ ਸੰਘਣਾ ਅੰਬਰ ਬੂਰਦਾ
ਕਦ ਖਿੜਿਆ ਚੰਬਾ

ਚੰਨ ਚਾਨਣ ਚੜ੍ਹਿਆ ਦੂਰ ਦਾ
ਕਦ ਖਿੜਿਆ ਚੰਬਾ

ਨਟਖਟ ਸੁਗੰਧੀ ਦੂਰ ਦੀ
ਸਰਘੀ ਤਾਂ ਸੱਗੀ ਬੂਰ ਦੀ
ਚੰਬਾ ਤਾਂ ਵੱਡੀ ਦੂਰ ਨੀ
ਕਦ ਖਿੜਿਆ ਚੰਬਾ

ਵਣ ਖਿੜਿਆ, ਖਿੜਿਆ ਲੇਖ ਨਾ
ਦੱਸ ਹੋਰ ਕਿਸੇ ਕੀ ਵੇਖਣਾ
ਕਦ ਖਿੜਿਆ ਚੰਬਾ

ਨਾ ਜਾਣਾ ਮੈਂ ਵਰਜਿਆ
ਘਟ ਅੰਬਰ ਕਿਊਂਕਰ ਗਰਜਿਆ
ਘਟ ਬੁੱਕਲ ਨਿੱਘਾ ਬੂਰ ਵੇ
ਚੰਬਾ ਤਾਂ ਕਿੰਨੀ ਦੂਰ ਵੇ
ਕਦ ਖਿੜਿਆ ਚੰਬਾ

ਦਰਿਆ ਬਰਫ਼ਾਂ ਵਿੱਚ ਠਰ ਗਿਆ
ਕਦ ਖਿੜਿਆ ਚੰਬਾ ਝੜ ਗਿਆ
ਕੌਣ ਗਵਾਹੀ ਤੇਰੀ, ਰਚਨਾ ਮੇਰੀ
ਵੇ ਕਦ ਖਿੜਿਆ ਚੰਬਾ !

ਮੈਂ ਕੂਕਾਂ ਬਾਰੰਬਾਰ ਵੇ
ਕਦ ਖਿੜਿਆ ਚੰਬਾ

ਬਾਲਾਂ ਵਾਗੂੰ ਘੂਰਦਾ
ਕੋਈ ਸੰਘਣਾ ਅੰਬਰ ਬੂਰ ਦਾ
ਕਦ ਖਿੜਿਆ ਚੰਬਾ

•

# ਲਾਲੀ ਜੀ ਦੇ ਘਰ ਕੋਲੋਂ ਲੰਘਦਿਆਂ

ਉੱਚੇ ਨੇ ਕੱਖ ਬਨੇਰਿਓਂ
ਝੜਦੇ ਪੌਣਾਂ ਨਾਲ
ਦੱਸੀਂ ਯਾਰ ਪੁਰਾਣਿਆਂ
ਨਿੱਘਰਿਆਂ ਦਾ ਹਾਲ

ਸੰਘਣਾ ਰੁੱਖ ਉਜਾੜ ਦਾ
ਦੀਵਾ, ਘੁੱਪ-ਹਨੇਰ
ਵਿਛੜੀਆਂ ਜੂਹਾਂ ਭਾਲਦਾ
ਸੂਰਜ, ਸ਼ਾਮ ਸਵੇਰ

ਜੋਗੀ ਧੌਲਾਧਾਰ ਦਾ
ਯਾਰੀ ਰੋਹੀਆਂ ਨਾਲ
ਰਗ਼ ਸੁੱਚੀ ਦਰਵੇਸ਼ ਦੀ
ਕੋਈ ਨਾ ਨਿਭਿਆ ਨਾਲ

ਖਿੜਿਆਂ ਫੁੱਲ ਉਜਾੜ ਦਾ
ਮਹਿਕੇ ਕਾਲੀਧਾਰ
ਢਲਦੇ ਪਹਿਰੀਂ ਉੱਤਰੇ
ਬਾਗਾਂ ਵਿਚ ਬਹਾਰ

ਲਾਲੀ ਪੁੱਤਰ ਰਾਠ ਦਾ
ਮਜਲਿਸ ਦਾ ਈਮਾਨ
ਸੁਖ਼ਨਵਰਾਂ ਦਾ ਸੁਖ਼ਨਵਰ
ਨਿਘਰਿਆਂ ਦਾ ਮਾਣ

ਕੀ ਪੂਰਬ ਦੇ ਜ਼ਖ਼ਮ ਨੇ
ਕੀ ਪੱਛਮ ਦਾ ਮਾਣ
ਦੋਹਾਂ ਵਿਚ ਪਛਾਣਦਾ
ਟੁੱਟੇ ਦਿਲ ਦੀ ਸ਼ਾਨ

ਕਦੇ ਕਦੇ ਪਰ ਓਦਰੇ
ਦਿਲਦਾਰਾਂ ਦੇ ਦੇਸ
ਲੰਮੀ ਨਦਰ ਨਿਹਾਲ ਕੇ
ਧਾਰੇ ਚੁੱਪ ਦਾ ਵੇਸ

ਭੰਡਾਂ ਲੁੱਟਿਆ ਸ਼ਹਿਰ ਨੂੰ
ਫ਼ਨੀਅਰ ਬਣੇ ਫ਼ਕੀਰ
ਚੰਨ, ਮਿੱਟੀ ਨਾਲ ਅੱਟਿਆ
ਨਗ਼ਮੇ ਦੀ ਤਾਸੀਰ

•

## ਗੀਤ

ਸੂਈ ਗਰਾਂ ਦੇ ਨਾਂ ਜਾਈਂ
ਸੂਈ ਗਰਾਂ ਦੇ ਖੋਟੇ ਮਾਹਣੂ
ਤੇਰੀਆਂ ਦੂਰ ਬਲਾਈਂ

ਸੂਈ ਗਰਾਂ ਦੀਆਂ ਚੁੱਪ ਨੇ ਗਲੀਆਂ
ਸੁਰ ਦੀਆਂ ਛਾਵਾਂ ਰਸ ਦੀਆਂ ਡਲੀਆਂ
ਸ਼ਹਿਰ ਤੇਰੇ ਤੋਂ ਜਾਣ ਨਾ ਝੱਲੀਆਂ
ਗੋਰੀ ਦੇ ਗਲ ਬਾਹੀਂ

ਸੂਈ ਗਰਾਂ ਵਿੱਚ ਸੁਹਣੇ ਵੱਸਦੇ
ਨੈਣ ਸ਼ਰਾਬੀ ਮੱਥੇ ਲੱਸਦੇ
ਪਰਦੇਸੀ ਨੂੰ ਰਾਹ ਨਾ ਦੱਸਦੇ
ਪਲ ਵਿੱਚ ਛਾਈਂ ਮਾਈਂ

ਸੁਈ ਗਰਾਂ ਦਾ ਨਾਂ ਨਹੀਂ ਲੈਣਾ
ਮੁੜ ਮੁੜ ਖੋਟੇ ਰਾਹ ਨਹੀਂ ਪੈਣਾ
ਮੂਰਖ ਮੰਨਦੇ ਦਿਲ ਦਾ ਕਹਿਣਾ
ਦਿਲ ਦੀਆਂ ਦੂਰ ਬਲਾਈਂ

ਗੁੰਬਦ ਗੁੰਬਦ ਢਲੀਆਂ ਸ਼ਾਮਾਂ
ਮੁੱਕੇ ਗੀਤ ਨਾ ਮੁੱਕੀਆਂ ਲਾਹਮਾਂ
ਉਜੜੇ ਬਾਗ਼ ਕਹਿਰ ਦੀ ਸ਼ਾਹੀ
ਕੁਝ ਵੀ ਬਦਲਿਆ ਨਾਹੀਂ

ਨਾਂ ਮੁਕੀਆਂ ਪੱਥਰਾਂ ਦੀਆਂ ਛਾਵਾਂ
ਮਿਟ ਚਲਿਆ ਫੁੱਲਾਂ ਦਾ ਨਾਮਾਂ
ਆ ਤਲੀਆਂ ਤੇ ਚੋਗ ਚੁਗਾਵਾਂ
ਪੰਛੀ ਦੀ ਪਰਛਾਈਂ

ਸੂਈ ਗਰਾਂ ਸੂਈ ਦਾ ਨੱਕਾ
ਰੂਹ ਤੋਂ ਰੂਹ ਬਰਫ਼ਾਨੀ ਠੱਕਾ
ਗੱਲ ਕਰੀਏ ਦਿਲ ਵਜਦਾ ਧੱਕਾ
ਦਿਲ ਦੀਆਂ ਦੂਰ ਬਲਾਈਂ

ਉੱਚੇ ਬੁਰਜ ਸਰਾਂ ਦੀ ਬਾਰੀ
ਪੰਛੀ ਕੋਹੇ ਬੰਨ੍ਹ ਕਤਾਰੀ
ਕੋਹਿਆ ਚੰਨ ਵੱਜੀ ਕਿਲਕਾਰੀ
ਚੰਨ ਦੀਆਂ ਦੂਰ ਬਲਾਈਂ !

ਸੂਈ ਗਰਾਂ ਦੇ ਨਾਂ ਜਾਈ
ਸੂਈ ਗਰਾਂ ਦੇ ਖੋਟੇ ਮਾਹਣੂ
ਤੇਰੀਆਂ ਦੂਰ ਬਲਾਈਂ

•

## ਕਾਫ਼ੀ

ਮੇਰਾ ਸੁਹਣਾ ਸ਼ਹਿਰ ਪਟਿਆਲਾ ਨੀ
ਪਟਿਆਲਾ ਕਰਮਾਂ ਵਾਲਾ ਨੀ

ਆ ਵੇ ਬੰਨਾ ਪਟਿਆਲੇ ਵੜ ਵੇ
ਰੁੱਤ ਬਸੰਤ ਖਿੜਿਆ ਤੇਰਾ ਘਰ ਵੇ
ਰੁੱਤ ਨੂੰ ਰੁੱਤ ਦਾ ਕਾਹਦਾ ਡਰ ਵੇ
ਜੂਹ ਤੇਰੀ ਦੁੱਖ ਜਾਂਦੇ ਠਰ ਵੇ
ਸੁਰ ਬਹਾਰ ਚੰਨ ਤੇਰਾ ਘਰ ਵੇ
ਭਰਿਆ ਚੰਨ ਦਾ ਪਿਆਲਾ ਨੀ

ਹਰ ਥਾਂ ਗ਼ਮ ਦਾ ਦਮ ਨਾਂ ਭਰੀਏ
ਰੰਗਾਂ ਦੇ ਵੱਲ ਕੰਡ ਨਾਂ ਕਰੀਏ
ਡਰੀਏ ਕਾਫ਼ਰ  ਦਿਲ ਤੋਂ ਡਰੀਏ
ਜੋਬਨ ਕਹਿਰ ਨਿਰਾਲਾ ਨੀ

ਜੁੱਗ ਗਰਦੀ ਦਾ ਲੇਖਾਂ ਕਰਨਾਂ
ਬਿਨ ਆਈ ਮੌਤੇ ਨਹੀਂ ਮਰਨਾਂ
ਰਾਤ ਦਿਨੇ ਪੱਥਰਾਂ ਤੇ ਠਰਨਾ
ਪੀਣਾ ਅੱਗ ਦਾ ਪਿਆਲਾ ਨੀ

ਏਡਾ ਯਾਰ ਗੁਨਾਹ ਕੀ ਹੋਇਆ
ਆਪਣਾ ਮਿਲਿਆ ਪਰ ਨਹੀਂ ਰੋਇਆ
ਸੋਹਣੇ ਸੱਜਣਾਂ ਬੂਹਾਂ ਢੋਇਆ
ਧਾਅ ਰੋਇਆ ਪਟਿਆਲਾ ਨੀ

ਰੰਗ ਖਿੜਿਆ ਗਗਨਾਂ ਦੀ ਬਾਰੀ
ਸੁਰ ਦੀਆਂ ਕਾਂਗਾਂ ਤਾਨ ਸਵਾਰੀ
ਦਰਬਾਰੀ ਜਾਂ ਰਾਗ ਤੁਖਾਰੀ
ਵਿਹੜਾ ਸ਼ਗਨਾਂ ਵਾਲਾ ਨੀ

ਫ਼ਤਿਹ ਅਲੀ, ਸੁਰਤਾਲ ਇਲਾਹੀ
ਆਸ਼ਿਕ, ਬੜੇ ਗ਼ੁਲਾਮ, ਦੀ ਸ਼ਾਹੀ
ਗਜਾ ਸਿੰਘ, ਬੂਬੇ, ਦਰਗਾਹੀ
ਮ੍ਰਿਗਿੰਦਰ, ਦੀ ਠਾਠ ਇਲਾਹੀ
ਵਾਦਨ ਗਾਇਨ ਸੁਰ ਬਾਦਸ਼ਾਹੀ
ਕਲਾ ਤਖਤ ਪਟਿਆਲਾ* ਨੀ

ਕਿਲਿਆਂ, ਬਾਗਾਂ, ਭੁੱਲੀਆਂ ਯਾਦਾਂ
ਕੋਕਿਲ ਪਪੀਹਾ ਚਿੜੀਆਂ ਬਾਜ਼ਾਂ
ਬੇ ਪੀਰਾਂ ਦੀਆਂ ਰੱਖ ਲਓ ਲਾਜਾਂ
ਲਾਜ ਰੱਖੇ ਪਟਿਆਲਾ ਨੀ

ਮਹਿੰਦਰਾ ਕਾਲਜ ਸਬਜ਼ ਬਨੇਰੇ
ਇਲਮ-ਮੁਹੱਬਤ ਜਲਵੇ ਤੇਰੇ
ਰਾਠ ਜਵਾਨੀ ਗੱਭਰੂ ਤੇਰੇ
ਪੂਰਬ ਪੱਛਮ ਡੇਰੇ ਤੇਰੇ
ਭਰਿਆ ਚੰਨ ਦਾ ਪਿਆਲਾ ਨੀ

---

*ਵਿਸ਼ਵ ਸੰਗੀਤ ਦੇ ਖੇਤਰ ਵਿੱਚ ਪਟਿਆਲੇ ਦੇ ਸੰਗੀਤ ਘਰਾਣੇ ਦੀ ਵਿਲੱਖਣ ਅਤੇ ਗੌਰਵੰਤ ਥਾਂ ਹੈ। ਉਪਰੋਕਤ ਕਲਾ ਸਮਰਾਟਾਂ ਦਾ ਨਾਂ ਲਏ ਬਿਨਾਂ ਮਾਨਵੀ ਸੁੰਦਰਤਾ ਬੋਧ ਦੀ ਗਾਥਾ ਸੰਪੂਰਣ ਹੋਣੀ ਅਸੰਭਵ ਹੈ।

ਗਾਮੇਂ, ਗੂੰਗੇ, ਛਿੰਝਾਂ ਚੜ੍ਹੀਆਂ
'ਮਾਮ ਬਖਸ਼ ਦੀਆਂ ਧਾਂਕਾਂ ਖਰੀਆਂ
ਮਹਾਂ ਕਾਲ ਦੀਆਂ ਨਬਜਾਂ ਫੜੀਆਂ
ਹੁਣ ਆਈ ਕੇਸਰ, ਦੀ ਵਾਰੀ
ਮਾਰੇ ਸ਼ੌਂਕ ਨਾਲ ਕਿਲਕਾਰੀ
ਯਾਦ ਕਰੇ ਪਟਿਆਲਾ ਨੀ

ਠੰਢੀ ਖੂਹੀ, ਬਾਗ਼ ਪੁਰਾਣੇ
ਰੁੱਤਾਂ ਕੀਤੇ ਅੱਧੋਰਾਣੇ
ਸੂਈ ਗਰਾਂ ਜਾਂ ਜੌੜੀਆਂ ਭੱਠੀਆਂ
ਧਰਮਪੁਰੇ ਦੀਆਂ ਨਾਰਾਂ ਕੱਚੀਆਂ
ਕਿਥੋਂ ਉਜੜੀਆਂ ਕਿਥੇ ਵਸੀਆਂ
ਢੂੰਡ ਰਿਹਾ ਪਟਿਆਲਾ ਨੀ

ਰੰਗ ਡੁਲ੍ਹਿਆ ਪੱਛਮ ਦੀ ਬਾਰੀ
ਵਾ ਵਿੱਚ ਸ਼ਿਕਰੇ ਦੀ ਕਿਲਕਾਰੀ
ਕਿਸ ਚੰਦਰੇ ਨੇ ਬੋਲੀ ਮਾਰੀ
ਟੁੱਟਿਆ ਚੰਨ ਦਾ ਪਿਆਲਾ ਨੀ

ਬਹੁਤਾ ਪੜ੍ਹਕੇ, ਕੋਠੇ ਭਰਦੇ
ਡਰਦੇ ਆਪਣੇ ਘਰ ਤੋਂ ਡਰਦੇ
ਹੁਣ ਵੀ ਨਾਜ਼ੁਕ ਬਾਤ ਨਾ ਕਰਦੇ
ਸਾਚ ਕਹੇ ਪਟਿਆਲਾ ਨੀ

ਆ ਵੇ ! ਬੰਨਾਂ ! ਢਲ ਚੱਲੀਆਂ ਸ਼ਾਮਾਂ
ਤੈਂ ਦਰ ਛੋੜ ਮੈਂ ਕੈਂ ਦਰ ਜਾਵਾਂ
ਵੱਸਣ ਵਿਹੜੇ ਟੁੱਟਣ ਲਾਹਮਾਂ
ਬਾਬਲ ਬਾਬਾ ਆਲਾ ਨੀ
ਘੁੱਗ ਵੱਸਦਾ ਪਟਿਆਲਾ ਨੀ

ਕਿਆ ਮਿੱਠੀ ਦਰਵੇਸ਼ ਜੁਆਨੀ
ਦੁਨੀਆਂ ਚਾਕਰ ਭਰਦੀ ਪਾਣੀ
ਬੁਝਦਾ ਕਰਮਾਂ ਵਾਲਾ ਨੀ
ਮੇਰਾ ਸੁਹਣਾ ਸ਼ਹਿਰ ਪਟਿਆਲਾ ਨੀ

ਗੋਰੇ ਬਦਨ ਤੋਂ ਡਰ ਡਰ ਮਰੀਏ
ਵਸਦੇ ਛੋੜ ਵੀਰਾਨੇ ਵੜੀਏ
ਜੀਂਦਿਆਂ ਗੋਰ ਬਿਗ਼ਾਨੀ ਠਰੀਏ
ਜ਼ੋਰ ਖੁਦਾਈਆਂ ਵਾਲਾ ਨੀ

ਉੱਚੀ ਤੇ ਵੀਰਾਨ ਅਟਾਰੀ
ਫ਼ਨੀਅਰ ਸ਼ੂਕੇ ਬਾਰੀ ਬਾਰੀ
ਗਲੀਆਂ ਬਾਗ਼ ਤੇ ਜੂਹਾਂ ਵਾਰੀ
ਬਹੁਤੇ ਪੜ੍ਹਿਆਂ ਹਾਅ ਨਾਂ ਮਾਰੀ
ਧਾਅ ਰੋਇਆ ਪਟਿਆਲਾ ਨੀ

ਲਿਖਣ ਵਾਲਿਆਂ ਭਰ ਲਏ ਕਾਸੇ
ਫਿਰ ਵੀ ਜਾਨ ਲਬਾਂ ਤੇ, ਪਿਆਸੇ
ਕੁਰਸੀ ਵਾਲੇ ਸਾਰੇ ਗਾਜ਼ੀ
ਬਾਕੀ ਦੇ ਕੁੱਲ ਰਾਜ਼ੀ ਬਾਜ਼ੀ
ਟੁੱਟਿਆ ਚੰਨ ਦਾ ਪਿਆਲਾ ਨੀ

ਵੱਸਣ ਵਾਲੇ ਵੱਸ ਕੇ ਉਜੜੇ
ਕੁਝ ਰੋ ਕੇ ਕੁਝ ਹੱਸ ਕੇ ਉਜੜੇ
ਕੁਝ ਚੁਪਕੇ ਕੁਝ ਦੱਸ ਕੇ ਉਜੜੇ
ਘੁੱਗ ਵੱਸਦਾ ਪਟਿਆਲਾ ਨੀ

ਆ ਵੇ ਬੰਨਾ ! ਢਲ ਚੱਲੀਆਂ ਸ਼ਾਮਾਂ
ਤੈਂ ਦਰ ਛੋੜ ਮੈਂ ਕਿਸ ਦਰ ਜਾਵਾਂ
ਵੱਸਣ ਬਾਗ਼ ਤੇ ਟੁੱਟਣ ਲਾਹਮਾਂ
ਘੁੱਗ ਵੱਸਦਾ ਪਟਿਆਲਾ ਨੀ

ਹੁਣ ਫਿਰ ਜਦ ਤੂੰ ਵਿਛੜ ਜਾਣਾ
ਮੈਂ ਦੱਸ ਕਾਹਦਾ ਜੋਗ ਕਮਾਣਾ
ਤੈਥੋਂ ਵਿਛੜ ਕਿੱਥੇ ਜਾਣਾ
ਸਾਂਭ ਲਵਾਂ ਤੇਰੀ ਖੁਸ਼ਬੋਈ
ਸਾਂਭ ਲਵਾਂ ਤੇਰਾ ਸਿਰਨਾਵਾਂ
ਆਖ਼ਰ ਮੰਨ ਕੇ ਰੱਬ ਦਾ ਭਾਣਾ
ਛੱਡ ਜਾਣਾ ਪਟਿਆਲਾ ਨੀ

ਬਾਗਾਂ ਵਿਚ ਬਹਾਰ ਦੇ ਸਾਏ
ਕੁੰਜ ਕੁੰਜ ਪੰਛੀ ਵਣ ਛਾਏ
ਮੱਥੇ ਵਿਚ ਖੁਸ਼ਬੋ ਪਰਭਾਤੀ
ਗੋਰਾ ਬਦਨ ਪਟਿਆਲਾ ਨੀ

ਜੀ ਆਇਆਂ, ਸੱਜਣਾਂ ਦੀਆਂ ਖ਼ੈਰਾਂ
ਚੰਨ ਚੜ੍ਹਿਆ ਮਿਟ ਜਾਣਾ ਵੈਰਾਂ
ਚੜ੍ਹਨੇ ਸੂਰਜ ਪੰਜ ਦਰਿਆ ਦੇ
ਮੁੱਕ ਜਾਣਾ ਸਦੀਆਂ ਦਿਆਂ ਵੈਰਾਂ

ਅਮਨ ਮੁਹੱਬਤ, ਮੇਲੇ ਭਰਨੇ
ਭਰ ਜੋਬਨ ਦਾ ਪਿਆਲਾ ਨੀ
ਮੇਰਾ ਸੁਹਣਾ ਸ਼ਹਿਰ ਪਟਿਆਲਾ ਨੀ
ਪਟਿਆਲਾ ਕਰਮਾਂ ਵਾਲਾ ਨੀਂ

•

## ਦੋ ਬੋਲ

ਥਾਂ ਬਰਕਤ ਵਾਲੇ ਦੀ
ਪੁੰਨਿਆ ਦਾ ਚੰਨ ਚੜ੍ਹਦਾ,
ਧਰਤੀ ਪਟਿਆਲੇ ਦੀ

ਪਟਿਆਲੇ ਦੇ ਨੌਂ ਦਰਵਾਜ਼ੇ,
ਸੰਝ ਦੇ ਮੀਂਹ ਵਿੱਚ ਢਹਿ ਗਏ,
ਇਕ ਅੱਥਰੂ, ਇਕ ਚੰਨ ਦੀ ਡੋਲੀ,
ਸੀਨੇ ਦੇ ਵਿੱਚ ਲਹਿ ਗਏ

•

## ਸ਼ਹਿਰ ਬੜਾ ਬਦਨਾਮ ਹੈ

ਸ਼ਹਿਰ ਤੇਰੇ ਦੀ ਚਾਨਣੀ
ਨਹੀਓਂ ਮਾਨਣੀ
ਕੋਈ ਪੁੱਗੀਆਂ ਸਦੀਆਂ

ਗ਼ੈਰਾਂ ਵਾਂਗ ਪਛਾਣਦੇ
ਮੇਰੇ ਹਾਣ ਦੇ
ਕਰਦੇ ਦਿਲ ਲੱਗੀਆਂ

ਹਾਣੀ ਪਾਣੀ ਪੁੱਛਦੇ
ਨਾਲੇ ਰੁੱਸਦੇ
ਪਏ ਮਾਰਨ ਠੱਗੀਆਂ

ਸ਼ਹਿਰ ਤੇਰੇ ਵਿੱਚ ਰਾਠ ਨੇ
ਬੜੇ ਠਾਠ ਨੇ
ਕੀ ਜਾਣਨ ਲੱਗੀਆਂ

ਨੈਣ ਨਸ਼ੀਲੇ ਹਾਣ ਦੇ
ਸਭ ਜਾਣਦੇ
ਅੱਗੇ ਦੀਆਂ ਲੱਗੀਆਂ

ਵੈਰੀ ਮੇਰੀ ਜਾਨ ਦੇ
ਦੁਖ ਜਾਣਦੇ
ਨਿੱਤ ਕਰਦੇ ਬਦੀਆਂ

ਭੱਠ ਮੇਲੇ ਦੀਆਂ ਯਾਰੀਆਂ
ਨਿੱਤ ਖੁਆਰੀਆਂ
ਕੀ ਜਾਣਨ ਲੱਗੀਆਂ

ਬੋਲ ਨਾਂ ਬਿਖੜੇ ਬੋਲੀਏ
ਜਿੰਦ ਰੋਲੀਏ
ਕੋਈ ਬੁੱਝਦਾ ਲੱਗੀਆਂ

ਨਗਰੀ ਧੂੰਏ ਧੁਖ ਪਏ
ਸਾਨੂੰ ਦੁੱਖ ਪਏ
ਅੱਖੀਂ ਭਰ ਭਰ ਵੱਗੀਆਂ

ਸ਼ਹਿਰ ਬੜਾ ਬਦਨਾਮ ਹੈ
ਹੱਥ ਜਾਮ ਹੈ
ਰੂਹਾਂ ਜਗਮਗੀਆਂ

ਨਾਂ ਚੰਨ ਬੁੱਝੀਆਂ ਤੇਰੀਆਂ
ਨਾਂ ਮੇਰੀਆਂ
ਤਕਦੀਰਾਂ ਵੱਗੀਆਂ

•

## ਵਸਦਾ ਰਹੇ ਗਿਰਾਂ

ਰਾਹੀਆਂ ਖੈਰ ਮਨਾਵਾਂ
ਕੋਇਲ ਬੋਲਦੀ

ਛੱਡ ਪੀਆ ਦੀ ਬਾਂਹ ਮੈਂ
ਵਣ ਵਣ ਡੋਲਦੀ

ਸੰਗ ਆਥਣ ਅਲਬੇਲਾ
ਮਨੂਆ ਸੁਹਲ ਜੀ

ਛਾਂ ਪਰਬਤ ਦੀ ਊਂਘੇ
ਡਾਵਾਂ ਡੋਲ ਜੀ

ਲੰਘਿਆ ਜੋਬਨ ਸੇਕ
ਬਰੂਹਾਂ ਕੋਲ ਦੀ

ਮਾਣੀ ਨਾਂ ਰੰਗ ਦੀ ਛਾਂ
ਕੂੜ ਨਾਂ ਬੋਲਦੀ

ਬਾਜ਼ ਗਿਰਾਂ ਦਾ ਜ਼ਖਮੀ
ਸਾਡਾ ਢੋਲ ਜੀ

ਵੱਸਦਾ ਰਹੇ ਗਿਰਾਂ
ਨਿਸ਼ਾਨੀ ਢੋਲ ਦੀ

•

## ਭਗਵਾਂ ਵਗੇ ਦਰਿਆ ਭਲਾ

ਭਗਵਾਂ ਵਗੇ ਦਰਿਆ ਭਲਾ
ਤੂੰ ਵੇਖਣ ਦੇ ਲਈ ਆ ਭਲਾ

ਕੰਢੇ ਤੇ ਰੁੱਖੜੇ ਝੂਮਦੇ
ਕੁਝ ਸਿਸਕਦੇ ਕੁਝ ਊਂਘਦੇ
ਅੰਬਰਾਂ 'ਚ ਸਾਏ ਮੇਲ੍ਹਦੇ
ਕੁਝ ਬੋਲਦੇ ਕੁਝ ਨਾ ਭਲਾ
ਸਾਗਰ ਤੇ ਸ਼ੂਕੇ ਵਾਅ ਭਲਾ
ਭਗਵਾਂ ਵਗੇ ਦਰਿਆ ਭਲਾ

ਹੋਇਆ ਕੀ ਪੰਛੀ ਮਰ ਗਏ
ਹੋਇਆ ਕੀ ਅੰਬਰ ਠਰ ਗਏ
ਇਕ ਬੋਟ ਹੈ ਕਿ ਦਿਲ ਮੇਰਾ
ਭਾਂਬੜ 'ਚ ਡਿੱਗਾ ਆ ਭਲਾ
ਭਗਵਾਂ ਵਗੇ ਦਰਿਆ ਭਲਾ

ਬਰਫ਼ੀਲਾ ਬੱਦਲ ਡੋਲਦਾ
ਕੁਝ ਚੁੱਪ ਹੈ ਕੁਝ ਬੋਲਦਾ
ਕੁਝ ਦੂਰ ਦਾ ਕੁਝ ਕੋਲ ਦਾ
ਜ਼ਾਮਨ ਬਣੇ ਦਰਿਆ ਭਲਾ
ਭਗਵਾਂ ਵਗੇ ਦਰਿਆ ਭਲਾ

ਪਰਬਤ ਦੇ ਪੈਰੀਂ ਬਾਗ ਨੇ
ਧਰਤੀ ਦੇ ਕੇਡੇ ਭਾਗ ਨੇ
ਪੱਥਰਾਂ ਨੂੰ ਫੁੱਲ ਨਾਂ ਤੋੜਦਾ
ਫੁੱਲ ਟੁੱਟੇ ਨਾਂ ਕੋਈ ਜੋੜਦਾ
ਵਾਦੀ ਤੇ ਸ਼ੂਕੇ ਵਾ ਭਲਾ
ਭਗਵਾਂ ਵਗੇ ਦਰਿਆ ਭਲਾ

ਢਲੀਆਂ ਤਿਕਾਲਾਂ ਮੋੜ ਦੇ
ਪੰਛੀ ਬਹਾਰਾਂ ਮੋੜ ਦੇ
ਚੁੱਪ ਦੀਵਾ, ਰਾਤ ਪਹਾੜ ਦੀ
ਕਿਉਂ ਅੱਖ ਬਦਲੀ ਏ ਯਾਰ ਦੀ
ਸੁੰਨਾਂ ਵਗੇ ਦਰਿਆ ਭਲਾ

ਪਰਦੇਸੀਆ ਤੇਰਾ ਸ਼ਹਿਰ ਹੈ
ਕੁਝ ਤੈਨੂੰ ਸਾਡਾ ਵੈਰ ਹੈ
ਬੁਲਬੁਲ ਨੂੰ ਡੰਗਿਆ ਨਾਗ ਨੇ
ਇਕ ਚੰਨ ਲੱਖਾਂ ਦਾਗ਼ ਨੇ
ਲੇਖਾਂ ਦੀ ਵੱਗੀ ਵਾਅ ਭਲਾ
ਭਗਵਾਂ ਵਗੇ ਦਰਿਆ ਭਲਾ

ਚੰਬੇ ਦਾ ਰਾਜਾ ਵਰਜਦਾ
ਬਿਨ ਬੂੰਦ ਘਣਹਰ ਗਰਜਦਾ
ਜੋਬਨ ਤਾਂ ਕੰਧੀਂ ਕੱਚੀਆਂ
ਜੰਗਲਾਂ 'ਚ ਦਾਖਾਂ ਪੱਕੀਆਂ
ਅੰਬਰ ਤਾਂ ਭਰਿਆ ਬੂਰ ਦਾ
ਵੇਖੇਂ ਤਾਂ ਵੱਡਾ ਚਾਅ ਭਲਾ

ਭਗਵਾਂ ਵਗੇ ਦਰਿਆ ਭਲਾ
ਤੂੰ ਵੇਖਣ ਦੇ ਲਈ ਆ ਭਲਾ

•

## ਜਿਊਂਦੇ ਯਾਰਾਂ ਨੂੰ ਖ਼ਾਕ ਨਸੀਬ ਹੋਈ
## ਇਕ ਮਨਬਚਨੀ*

ਬੁੱਤ ਸੇਕ, ਜਾਂ ਬੁੱਤਾਂ ਦੀ ਬਾਤ ਪਾ ਲੈ
ਅੱਗ ਅੱਗ ਹੈ, ਸੇਕ ਜੁਦਾ ਨਾਹੀਂ

ਗੁੱਝੀ ਅੱਗ ਤੋਂ ਅੱਖੀਆਂ ਫੇਰ ਬੈਠੇ
ਬਾਹਰ ਮਿਲਾਂਗੇ ਸਾਨੂੰ ਸਜ਼ਾ ਨਾਹੀਂ

ਨੈਣ ਹੁੰਦਿਆਂ ਨੈਣਾਂ ਤੋਂ ਭਟਕ ਜਾਣਾ
ਸਾਡੀ ਸਿਫ਼ਤ ਹੈ ਸਾਡਾ ਗੁਨਾਹ ਨਾਹੀਂ

ਕਾਜ਼ੀ ਵਾਂਗ ਜੋ ਆਪਣੇ ਬੋਲਦੇ ਨੇ
ਨਿਰੀ ਮੌਤ ਨੇ ਕਿਤੇ ਪਨਾਹ ਨਾਹੀਂ

ਬੁੱਝਣ ਵਾਸਤੇ ਭੇਦ ਮੁਹੱਬਤਾਂ ਦੇ
ਸ਼ਾਹੀ ਗ਼ੈਰ ਹੈ, ਯਾਰਾਂ ਦੀ ਰਾਹ ਨਾਹੀਂ

ਬੁੱਤ ਤਿੜਕਦੇ ਰੂਹਾਂ ਚੋਂ ਰੂਹ ਖ਼ਾਲੀ
ਫੁੱਲਾਂ ਬੇਲਿਆਂ ਮਾਰਨੀ ਧਾਅ ਨਾਹੀਂ

ਜੋ ਨਹੀਂ ਜਾਣਦੇ ਓਸੇ ਤੋਂ ਮੁਕਰ ਜਾਣਾ
ਲੋਕਾ ਕੂੜ ਕਹਾਣੀਆਂ ਪਾ ਨਾਹੀਂ

---

* ਇਹ ਕਵਿਤਾ ਪੰਜਾਬ ਦੇ ਵੱਡੇ ਗਾਇਕ, ਆਂਜਹਾਨੀ ਮੇਰੇ ਪਿਆਰੇ ਅੰਗਪਾਲ, ਸਰਦਾਰ ਜੋਗਿੰਦਰ ਸਿੰਘ ਹੀਰ ਦੀ ਮਿੱਠੀ ਯਾਦ ਦੇ ਨਾਂ ਹੈ – ਲੇਖਕ

ਮੌਤ ਭੇਤ ਬਣਿਆ ਜ਼ਖਮੀ ਸੀਨਿਆ ਦਾ
ਮੈਲੀ ਨਜ਼ਰ ਦੀ ਮਿਟੀ ਬਲਾ ਨਾਹੀਂ

ਸ਼ਾਇਰ ਸੌਂ ਗਿਆ ਫੁੱਲਾਂ ਦੀ ਛਾਂ ਹੇਠਾਂ
ਏਥੋਂ ਜਾਗ ਉਠੇ ਏਡੀ ਜਾਅ ਨਾਹੀਂ

ਕੂੰਜਾਂ ਰੀਸ ਕੀਤੀ ਬਾਜ਼ਾਂ ਉਡਦਿਆਂ ਦੀ
ਤੇਰੇ ਅੰਬਰੋਂ ਵੱਡੀ ਬਲਾ ਨਾਹੀਂ

ਸੁੰਨ ਬੇਲਿਆਂ ਤੇ ਚਮਕੇ ਦੂਰ ਸੂਰਜ
ਫੇਰ ਮਿਲਾਂਗੇ ਅਜੇ ਰਜ਼ਾ ਨਾਹੀਂ

ਕੰਢੇ ਹੁਸਨ ਦੇ ਸਾਗਰੀਂ, ਨਕਸ਼ ਡੂੰਘੇ
ਲਿਖਣ ਵਾਲਿਆ ਤੇਰਾ ਵਸਾਹ ਨਾਹੀਂ

ਅਸੀਂ ਧੁੰਮਾਂਗੇ ਯਾਰ ਦੀ ਜੂਹ ਅੰਦਰ
ਕਾਫ਼ਰ ਵੱਜਣਾ ਕੋਈ ਗੁਨਾਹ ਨਾਹੀਂ

ਜਿਉਂਦੇ ਯਾਰਾਂ ਨੂੰ ਖ਼ਾਕ ਨਸੀਬ ਹੋਈ
ਮੋਏ ਯਾਰਾਂ ਦਾ ਵਾਸਤਾ ਪਾ ਨਾਹੀਂ

ਯਾਰ ਵਿਛੜੇ ਲਾਮ੍ਹ ਤੋਂ ਨਹੀਂ ਪਰਤੇ
ਮਾਤਾ ਵੈਣ ਵਿਯੋਗ ਦੇ ਪਾ ਨਾਹੀਂ

ਸ਼ਾਹੀ ਆਖਦੀ ਜਿਨ੍ਹਾਂ ਨੂੰ ਕੂੜ ਕੁੱਤੇ
ਰੱਬ ਜਾਣਦਾ ਉਨ੍ਹਾਂ ਦੀ ਥਾਹ ਨਾਹੀਂ

ਰੱਖਣ ਮੌਤ ਤੋਂ ਰੱਤਾ ਕੁ ਕਦਮ ਤਿਖੇ
ਅੱਗੋਂ ਪੁੱਛ ਨਾ ਤੇਰਾ ਵਸਾਹ ਨਾਹੀਂ

ਸੇਜ ਮਿੱਟੀ ਦੀ ਮਿੱਟੀ ਦਾ ਆਹਲਣਾ ਵੇ
ਜੋਬਨ ਬਾਲਿਆ ਏਡਾ ਚਿਰਾਗ਼ ਨਾਹੀਂ

ਫੁੱਲਾਂ-ਪੰਛੀਆਂ ਰੁੱਖਾਂ ਦੀਆ ਰਗਾਂ ਅੰਦਰ
ਖਿੜਿਆ ਰਾਗ ਹੈ ਨਿਰਾ ਵੈਰਾਗ ਨਾਹੀਂ

ਸੁੱਚਾ ਨੀਰ ਜੁਦਾਈ ਦੇ ਚਸ਼ਮਿਆਂ ਦਾ
ਮੈਂ ਤਾਂ ਵੱਖਰਾ ਵੇਖਿਆ ਖ਼ਾਬ ਨਾਹੀਂ

ਤੇਰੇ ਪੱਤਣਾਂ ਦੇ ਪਾਣੀ ਮੁੱਕਣੇ ਨਾਂ
ਨੀਰ ਨੀਰ ਹੈ, ਬੰਨੇ ਦੀ ਢਾਬ ਨਾਹੀਂ

ਤਾੜੀ ਮਾਰ ਉਡਾਣ ਜੋ ਪੰਛੀਆਂ ਨੂੰ
ਉਜੜ ਜਾਣਗੇ ਵੱਸਣੇ ਬਾਗ਼ ਨਾਹੀਂ

•

## ਕੋਇਲ ਕੂਕੇ ਰਾਤ ਨੂੰ

ਕੋਇਲ ਕੂਕੇ ਰਾਤ ਨੂੰ
ਬਹਿ ਬਾਗਾਂ ਦੇ ਛੋਰ
ਮੈਂ ਜੁੱਗਾਂ ਤੋਂ ਗਾ ਰਹੀ
ਦਮ ਦੀਆਂ ਤਾਂਘਾਂ ਹੋਰ

ਅੰਬਰ ਛਾਂ ਹਰਿਆਲੀਆਂ
ਮੇਰੇ ਖ਼ਾਸ ਨਸੀਬ
ਕੱਖ ਕਾਨੇ ਪੱਤ ਮੋਹ ਭਰੇ
ਵੱਸਣ ਬਹੁਤ ਕਰੀਬ

ਫੁੱਲਾਂ ਅੰਦਰ ਧੜਕਦਾ
ਮਿੱਟੀ ਦਾ ਸੁਰਤਾਲ
ਗੀਤ ਗਗਨ ਦਾ ਮੁੜੇਗਾ
ਅੱਗ ਦੇ ਜੰਗਲ ਭਾਲ

ਕਿਣਕਾ ਪੁੱਛੇ ਖ਼ਾਕ ਨੂੰ
ਤਾਰਾ ਕਦ ਚੜ੍ਹਿਆ
ਘਰ ਬੇਨਾਮਾ ਉਜੜਿਆ
ਅਜੇ ਨਹੀਂ ਮਰਿਆ

ਸੱਚ ਦੀਆਂ ਕੂੜ ਕਹਾਣੀਆਂ
ਅੱਖਰਾਂ ਦੇ ਵਾਪਾਰ
ਪੌਣਾਂ ਵੀ ਨਾਂ ਝੱਲਿਆ
ਖਿੜਦੇ ਫੁੱਲ ਦਾ ਭਾਰ

ਦੁੱਖ ਮਿੱਟੀ ਦਾ ਬਰਸਦਾ
ਬਰਸੇ ਰੰਗਲੀ ਲੀਕ
ਕੋਇਲ ਗੀਤ ਉਚਾਰ ਕੇ
ਆ ਪਹੁੰਚੀ ਗਗਨਾਂ ਤੀਕ

ਨੌਂਹ ਨੌਂਹ ਅੰਬਰ ਘੁੰਮਦੇ
ਕੀ ਉਚਿਆਂ ਦੀ ਜ਼ਾਤ
ਲਿਖਿਆ ਗਾਇਆ ਭੁੱਲਿਆ
ਸਾਂਵਲ ਤੇਰੀ ਦਾਤ

ਨਗਰੀ ਪੈਸਾ ਗਾ ਰਿਹਾ
ਦੇਹ ਵਿਕਦੀ ਜਾਂ ਦਾਦ
ਖਾਰੇ ਸਾਗਰ ਪੱਛਿਆ
ਸ਼ਹਿਰ ਕਰੇ ਫਰਿਆਦ

ਮੁੜ ਗਾਉਣਾ ਇਸ ਧਰਤ ਨੇ
ਛੱਡ ਦੰਮਾਂ ਦਾ ਮੋਹ
ਜੋ ਸੁਰ ਪੌਣਾਂ ਡੰਗਿਆ
ਅਜੇ ਨਾ ਮੁੜਿਆ ਉਹ

ਰਾਹੀਆ ਰਾਹੇ ਜਾਂਦਿਆਂ
ਰਤਾ ਕੁ ਕੋਲ ਖਲੋ
ਮੈਂ ਥਲ ਕੰਢੇ ਕੂਕਦੀ
ਮਤ ਕੋਈ ਸੁਣਦਾ ਹੋ

ਕੀ ਬਚਿਆ ਇਸ ਸ਼ਹਿਰ ਦਾ
ਖਾਰੇ ਖੂਹ ਦਾ ਛੰਭ
ਤਿੱਖੀਆਂ ਚੁੰਝਾਂ ਕੱਟਿਆ
ਦਿਲ ਦੀਵੇ ਦਾ ਖੰਭ

ਕੋਇਲ ਕੂਕੇ ਬਾਗ ਦੀ
ਗਾ ਹੋਈ ਦਿਲਗੀਰ
ਮੈਂ ਜੁੱਗਾਂ ਤੋਂ ਗਾ ਰਹੀ
ਸੁਰ ਦੀ ਨਹੀਂ ਅਖੀਰ

•

## ਚਾਨਣੀ ਪਹਾੜ ਦੀ

ਡਾਢੇ-ਟਿੱਬੇ ਦੀ ਚਾਨਣੀ, ਜਿੰਦੇ ਚਾਨਣੀ
ਕਦ ਮਾਨਣੀ !
ਨਾਂ ਜਾਹ ਨਦੀਏ ਨਾਂ ਜਾਹ
ਹਿੱਕਾਂ ਦੇ ਨਾਲ ਡੱਕੀਏ ਵੇਦਨ
ਜੱਗ ਦਾ ਨਹੀਂ ਵਸਾਹ

ਜਿਨ੍ਹੀ ਰਾਹੀਂ ਮੈਂ ਤੁਰ ਜਾਣਾ
ਰਾਹ ਦਾ ਕੌਣ ਵਸਾਹ
ਜਾਣਾ ਦੂਰ ਬੜਾ, ਨਾ ਸਹਿਲਾ
ਜਰਨਾਂ ਕਹਿਰ ਬਲਾ

ਮੁੜਨਾ ਵੈਰ, ਬਲਾ, ਹਾਅ ਹਾ !
ਜੇ ਜਾਣਾ ਤੂੰ ਵੀ ਰੁੱਸ ਜਾਣਾ
ਉਤਰੇ ਵਕਤ ਫ਼ਨਾਹ

ਕਿਧਰ ਜਾਣਾ, ਪਾਰ ਟਿਕਾਣਾ
ਮੇਲਾ ਦੂਰ ਬੜਾ
ਨਾਂ ਜਾਹ ਨਦੀਏ ਨਾਂ ਜਾਹ
ਉਤਰੇ ਵਕਤ ਫ਼ਨਾਹ

ਜਦ ਆਪਣੇ ਵੈਰੀ ਬਣ ਜਾਣੇ
ਜੱਗ ਦਾ ਕੌਣ ਵਸਾਹ
ਨਾਂ ਜਾਹ ਨਦੀਏ ਨਾਂ ਜਾਹ
ਹਿੱਕਾਂ ਦੇ ਨਾਲ ਡੱਕੀਏ ਵੇਦਨ
ਜੱਗ ਦਾ ਨਹੀਂ ਵਸਾਹ

•

# ਜਿੱਥੋਂ ਚੰਨ ਚੜ੍ਹਦਾ

ਲੂਣੀ-ਬੰਜਰ ਭੂਰੀ ਮਿੱਟੀ
ਜਾਂ ਵੀਰਾਨ ਮੰਡੇਰਾਂ
ਬਰਸੇ ਮੇਘ ਸਖੀ
ਪਈਆਂ ਲੰਮੀਆਂ ਦੇਰਾਂ

ਭਾਗੀਂ ਬਰਸੇ ਮੇਘਲਾ
ਦਮ ਦੀਆਂ ਤਾਂਘਾਂ ਹੋਰ
ਕੀ ਕੁਝ ਪਿੰਡ ਤੇ ਬੀਤਿਆ
ਵਾਗਾਂ ਘਰ ਨੂੰ ਮੋੜ

ਕੋਕਿਲ ਪਪੀਆ, ਅੰਬਰ ਛਾਇਆ
ਕਿੰਨੇ ਜਾਦੂ ਹੋਰ
ਵਿਛੜੇ ਗੀਤ-ਮੇਘ, ਘਰ ਆਏ
ਬਾਗੀਂ ਪੈ ਗਿਆ ਸ਼ੋਰ

ਕੁੰਜ ਕੁੰਜ ਪੰਛੀ ਬਣ ਬੋਲੇ
ਦਮ ਦੀਆਂ ਤਾਂਘਾਂ ਹੋਰ
ਲਿਖਣਾ ਦਰਦ ਅਨਾਮ ਦਾ
ਕੀ ਸੀਨੇ ਦਾ ਜ਼ੋਰ

ਬਾਂਹ ਚੂੜੇਲੀ ਕੰਗਨਾਂ ਅੰਗਨਾਂ
ਭਿੜਦੇ ਜ਼ੋਰੋ ਜ਼ੋਰ

ਮਦ ਮੱਤੀਆਂ ਜੋਬਨ ਦੀਆਂ ਛਾਵਾਂ
ਇਹ ਸੁਪਨੇ ਸ਼ਾਹ ਜ਼ੋਰ

ਜਿੰਦੇ ਸਿਖਰ ਦੁਪਹਿਰਾਂ ਢਲੀਆਂ
ਪੱਤਣੀ ਢੁੱਕੀ ਸ਼ਾਮ

ਇਕ ਦੋ ਬੋਲ ਜੁੜੇ ਜੋੜੇ ਸੀ
ਮੁਲਕ ਹੋਏ ਬਦਨਾਮ

ਇਹ ਖ਼ਾਕੂ ਹੁਣ ਏਥੇ ਰੱਖ ਲੈ
ਮੈਂ ਤੈਥੋਂ ਕੁਰਬਾਨ !

ਕਬਰੋਂ ਉੱਡ ਕਿਥੇ ਆ ਪਹੁੰਚੀ
ਇਸ ਦਾ ਕੌਣ ਮਕਾਮ

ਚੰਨ ਸੁਹਣੇ ਦੇ ਜੂਹਾਂ ਬੇਲੇ
ਓਸ ਗਿਰਾਂ ਦੇ ਹਾਣੀ

ਯਾਰ ਦੁਆਵਾਂ ਵੱਡੀਆਂ ਹੁੰਦੇ
ਕਰਦੇ ਪਾਣੀ ਪਾਣੀ !

ਐਵੇਂ ਕੂੜੀ ਉਮਰ ਗਵਾਈ
ਜੋਬਨ ਬਾਤ ਨਾ ਜਾਣੀ

ਦਿਲ ਦੇ ਮਹਿਰਮ ਕਦੇ ਨਾਂ ਮਿਲਦੇ
ਮੈ ਕੁਲ ਦੁਨੀਆਂ ਛਾਣੀ

ਤੈਥੋਂ ਮਿੱਠਾ ਇਸ ਦੁਨੀਆਂ ਤੇ
ਕੋਈ ਰਾਜ਼ ਨਾ ਡਿੱਠਾ

ਕੌਣ ਛਿੜੇ ਬਿਨ ਛੋਹੇ ਛੇੜੇ
ਐਸਾ ਸਾਜ਼ ਨਾ ਡਿੱਠਾ

ਨਦੀਆਂ ਜੂਹਾਂ ਪਰਬਤ ਫਿੱਕੇ
ਰੁੱਸੇ ਰੰਗ ਤੇ ਬੇਲੇ

ਉਹ ਪਲ ਜਿਥੋਂ ਚੰਨ ਚੜ੍ਹਦਾ
ਰੱਬ ਓਸ ਸ਼ਗਨ ਨੂੰ ਮੇਲੇ

•

## ਰਾਗ ਚਾਂਦਨੀ ਕੇਦਾਰ ਦਾ ਸੁਰ ਮੰਥਨ

ਬਰਸੇ ਘਨਾ ਘਨ ਮੇਘਲਾ, ਹੋ ਮੇਘਲਾ
ਘਰ ਲਾਲ
ਰੁਤ ਬਰਸੇ ਗਰਜ ਬਰਸ ਕੇ
ਡੋਲੇ ਚਾਨਣ ਡਾਲ ਡਾਲ
ਟੁੱਟਿਆਂ ਫੁੱਲਾਂ ਨੂੰ ਅੜਿਆ ਕਾਹਨੂੰ ਕਰੀਏ ਯਾਦ, ਨਾਂ ਰੱਖੀਏ ਸੰਭਾਲ
ਭੁੱਲੀਆਂ ਤਾਨਾਂ ਦੀਆਂ ਪੈੜਾਂ ਨਾਂ ਭਾਲ
ਹੀਅਰਾ, ਧਰਤੀ ਤੇ ਡੋਲੇ ਕਾਲ ਦਾ ਗਰਜੇ ਪਾਤਾਲ
ਵਿਛੜੇ ਸੁਰ ਦੇ ਬਿਖੜੇ ਪੈਂਡੇ ਘਾਲ ਮੁਹਾਲ
ਰਸੀਆ ਤੂੰ ਲੱਜਪਾਲ
ਚਾਂਦਨੀ ਕੇਦਾਰ ਤੂੰ ਅੰਗਪਾਲ

ਚਾਂਦਨਾਂ ਸੁਰਤਾਲ ਰੁਣ ਝੁਣ
ਫੁੱਲਾਂ ਦੇ ਸੁਰਤਾਲ ਤਾਰਾ ਤਾਰਾ ਤੇਰੀ ਭਾਲ
ਬੀਜ ਅਗਨੀ ਦਾ ਕਮਾਲ
ਰਸੀਆ ਵੇ, ਖਿੜਿਆ ਕਾਲ ਅਕਾਲ
ਬਰਸੇ ਘਨਾ ਘਨ ਚਾਂਦਨੀ, ਹੋ ਚਾਂਦਨੀ ਘਰ ਲਾਲ
ਚਾਂਦਨੀ ਕੇਦਾਰ ਤੂੰ ਲੱਜਪਾਲ

ਚੰਬਾ ਬਰਸਦਾ ਉਸ ਪਾਰ, ਚੰਬਾ ਬਰਸਦਾ
ਕਣ ਕਣ ਤਰਸਦਾ ਉਰਵਾਰ
ਮਾਟੀ ਸ਼ੁਭ ਗੁਣ ਰਾਤੀ
ਨੀ ਮਦ ਮਾਤੀਏ ਮਨ ਮਿੱਟੀਏ ਰਸ ਰਾਤੀਏ
ਰਸਨਾ ਹਲਾਲ
ਹੇ ਧਰਤੀਏ ਕਾਮਲ ਸਵੇਰਾ ਹੋ ਵੀ ਹੋ !

ਬਰਸੇਗਾ ਬੀਅ ਅੰਬਰਾਂ ਦੀਆਂ
ਕੁਲ ਦੂਧੀਆ ਹਿੱਕਾਂ ਨਿਸਾਲ
ਨਦੀਆਂ 'ਚ ਭਰਿਆ ਦੁੱਧ ਚਮਕੇ
ਚਾਂਦਨੀ ਮੁਖੜਾ ਵਿਸ਼ਾਲ
ਪੌਣ ਚੁੰਮੇ ਬੂਰ ਦਾ ਨਗ਼ਮਾ ਬਹਾਰ

ਰੂਪ ਦੇ ਪਿਆਲੇ ਚੋਂ ਚੱਖਾਂ ਬੂੰਦ
ਮੈਂ ਹੋਇਆ ਹਲਾਲ
ਚੰਨ ਮਸਤਕ ਆਣ ਉਤਰੇ
ਜੋਬਨਾਂ ਕੈਸਾ ਖ਼ਯਾਲ
ਬੂੰਦ ਬੂੰਦ, ਡਾਲ ਡਾਲ, ਸੀਨੇ ਜੋਬਨ ਕਸਕਦਾ
ਕੱਚੀ ਮਿੱਟੀ ਦਾ ਕਮਾਲ

ਬੀਜ, ਸੁਹਾਗੀ-ਪੈਲੀ, ਬਰਸੇ ਚਾਂਦਨੀ ਅੰਗਪਾਲ
ਛਾਇਆ ਘਨਾਘਨ ਚਾਂਦਨਾਂ ! ਹੋ ਚਾਂਦਨਾ !
ਮਦਤਾਲ, ਚਾਂਦਨੀ-ਕੇਦਾਰ
ਤੂੰ ਲੱਜਪਾਲ, ਬਰਸੇ
ਘਨਾਘਨ ਮੇਘਲਾ, ਹੋ ਮੇਘਲਾ,
ਘਟ ਲਾਲ ਵੇ ਰਸੀਆ-ਰਸਾਲ
ਘਰ-ਆਦਿ ਤਾਲ

ਪੈਲੀਆਂ, ਪੌਣਾਂ ਨਾਂ ਹਾਲੇ ਨਿਸਰੀਆਂ ਵੇ ਲਾਲ
ਅਰਸ਼ ਤੋਂ ਫ਼ਰਸ਼ਾਂ ਤੇ ਲਿਸ਼ਕਣ
ਸਮੇਂ ਦੇ ਵਿਸਰੇ ਕਮਾਲ !
ਭੈਰਵੀ ਪਗਡੰਡੀਆਂ, ਰਸਮਾਤੀਆ, ਮਦਤਾਲ
ਨਦੀ ਨਦੀ ਨੂੰ ਮਿਲੀ, ਪਿਆਸ ਦਾ ਝਪਤਾਲ
ਚੁੰਮਣਾਂ ਸਗਲੀ ਸਮੂਲੀ ਦੇਹ ਦਾ ਮਦਤਾਲ
ਚਾਂਦਨੀ ਅੰਗਪਾਲ ਵੇ ਘਰ ਲਾਲ
ਬਰਸੇ ਘਨਾਘਨ ਚਾਂਦਨੀ, ਹੋ ਚਾਂਦਨੀ, ਮਦਤਾਲ
ਬਰਸੇ ਘਨਾਘਨ ਮੇਘਲਾ, ਹੋ ਮੇਘਲਾ,
ਘਰ ਲਾਲ

•

# ਕੋਇਲ ਮਰੀ ਤਿਹਾਈ

ਜੋਗੀ ਵੇ ਸਰਘੀ ਰੰਗਿਆ
ਕਿਉਂ ਭੁੱਲਿਆ ਕਿਉਂ ਸੰਗਿਆ
ਕਵਿਤਾ ਤੇ ਸੰਗੀਤ ਮਨਾਹੀ
ਜੁਗ ਜੁਗ ਆਹੀ

ਜੀਵੇਂ ਦਾਨਿਸ਼ਵਰੀ ਖ਼ੁਦਾਈ
ਬੁੱਝੀ ਹਉਮੈਂ ਦੀ ਵਡਿਆਈ
ਕਾਲਿਆ ਹਰਨਾਂ, ਕਾਲ ਬੁਲੇਂਦਾ ਈ ਦੇਰ ਦਾ
ਨਾ ਦਸਤਕ, ਨਾਂ ਸੈਨ ਸੁਨੇਹਾ, ਆ ਬੇਲੇ ਨੂੰ ਘੇਰਦਾ
ਬੁੱਤ ਵਣੋਟੜਿਆ ਮੁੜ ਕਾਲ ਬੁਲੇਂਦਾ ਈ ਗੱਜ ਕੇ
ਤੈਥੋਂ ਵਿਛੜਨ ਰਸੀਆ ਪਾਪ
ਕਿਹੜੇ ਦੇਸ 'ਚ ਜਾ ਕੇ ਭੁਲਿਆ-ਭਰਿਆ ਡੁਲ੍ਹਿਆ
ਸਾਂਵਲ ਤੇਰਾ ਜਾਪ

ਸੁੱਚਾ ਲਿਖਕੇ, ਮਿੱਠਾ ਗਾ ਕੇ
ਕੋਇਲ ਮਰੀ ਤਿਹਾਈ
ਝੱਖੜ ਝਾਂਗੀ ਰੂਹ ਮੇਰੀ ਨੂੰ
ਕਵਿਤਾ ਰਾਸ ਨਾ ਆਈ
ਇਹ ਦਿਲਗੀਰੀ ਇਹ ਬੁੱਤਖਾਨਾ
ਤੋੜਨ ਚੜ੍ਹੇ ਖ਼ੁਦਾਈ
ਚਮਕੇ ਬਿਜਲੀ ਲਿਸ਼ਕਣ ਬੂੰਦਾਂ
ਵਿਚ ਕਾਇਆ ਤਰਿਹਾਈ
ਜਿਥੇ ਰਾਗ ਰੰਗ ਮੁੱਕ ਜਾਵੇ
ਅੱਥਰੂ ਹੋਣ ਸਹਾਈ
ਲਿਖਣ ਪੜ੍ਹਨ ਦੇ ਦਾਅਵੇ ਹਉਮੈਂ
ਮੈਂ ਕੋਈ ਭੁੱਲਿਆ ਨਾਹੀ

•

## ਕਿੱਥੇ ਲਾਏ ਨੇ ਡੇਰੇ

ਉੱਚੀਆਂ ਸਾਵੀਆਂ ਢੱਕੀਆਂ ਵੇ
ਵਿੱਚ ਨੀਵੇਂ ਨੀਵੇਂ ਡੇਰੇ

ਰਾਤ ਕਾਨ੍ਹਾ ਤੇਰੀ ਮਦਮਾਤੀ
ਵਿੱਚ ਉਤਰੇ ਸਵੇਰੇ

ਸੁਰ ਵੰਝਲੀ ਦੀ ਭੁੱਲ ਗਈਆ
ਡੂੰਘੇ ਪੈਣ ਹਨੇਰੇ

ਮੈਂ ਪਰਬਤ ਦਾ ਪਾਤਣੀ ਵੇ
ਤੇਰੇ ਦਰਿਆ ਘਨੇਰੇ

ਮੈਂ ਢੱਕੀਆਂ ਦੀ ਬੱਦਲੀ ਵੇ
ਤੇਰੇ ਅੰਬਰ ਬਥੇਰੇ

ਨਾਗ਼ ਛੇੜ ਲਿਆ ਕਾਲਾ ਵੇ
ਕਿੱਥੇ ਮਾਂਦਰੀ ਤੇਰੇ

ਨੈਣਾਂ ਦੇ ਲੋਭੀ ਸਾਂਵਲਾ ਵੇ
ਕਿਥੇ ਲਾਏ ਨੀ ਡੇਰੇ

•

## ਬਾਗੀਂ ਪੈ ਗਿਆ ਸ਼ੋਰ

ਸ਼ਾਮ ਪਈ ਪੰਛੀ ਨਹੀਂ ਪਰਤੇ
ਬਾਗੀਂ ਪੈ ਗਿਆ ਸ਼ੋਰ

ਰਾਂਝਾ ਤੁਰਿਆ ਚੀਰ ਵਲਿੱਖਾਂ
ਰਥ ਨੂੰ ਖਾਲੀ ਮੋੜ

ਚੁਣ ਮੀਆਂ ਰਾਂਝਾ ਥਲ ਦੇ ਕੰਕਰ
ਹੀਰ ਨਾ ਲੱਭਣੀ ਹੋਰ

ਸੁਣ ਢਲਦੇ ਪਰਛਾਵਿਆਂ
ਬਿਧਨਾਂ ਜ਼ਾਲਮ ਜ਼ੋਰ

ਕਿਹੜੇ ਪਾਰੋਂ ਗਰਜਦੀ
ਸਾਂਵਲ ਦੀ ਘਣਘੋਰ

ਵੱਗੀ ਕਲਮ ਅਨਾਮ ਦੀ
ਜਲ ਥਲ ਤਰਥਲ ਟੋਰ

ਤੋਟਾ ਪਿਆ ਮਲੰਗ ਨੂੰ
ਬੇਪੀਰਾ ਸ਼ਾਹ ਜੋਰ

ਕਾਸਾ ਖ਼ਾਸ ਫਕੀਰ ਦਾ
ਖ਼ਾਲੀ ਦਰ ਨਾਂ ਮੋੜ

ਜੋ ਲਿਖਣਾ ਸੀ ਨਾਂ ਲਿਖ ਸਕੇ
ਲਿਖ ਛੱਡਿਆ ਕੁਝ ਹੋਰ

ਕਿੱਥੇ ਤੇਰਾ ਕਰਮ ਵੇ
ਕਿੱਥੇ ਸਾਡਾ ਜ਼ੋਰ

ਮੈਂ ਸਾਗਰ ਦਾ ਪੰਖਣੂ
ਤੇਰੇ ਆਂਗਣ ਅਮਿਤ ਅਛੋਰ

ਸੈਰ ਕਰਾਂ ਤੇਰੇ ਬਾਗ ਦੀ
ਬਾਬਲ, ਮੈਂ ਅਣਜਾਣ ਅਬੋਲ

ਮੈਂ ਪਿੰਜਰੇ ਦਾ ਬਾਜ਼ ਹਾਂ
ਤੇਰੇ ਅੰਬਰ ਨੇ ਸ਼ਾਹਜੋਰ

ਚੰਬਾ ਖਿੜਿਆ–ਝੜ ਪਿਆ
ਕੋਈ ਚੁਣ ਚੁਣ ਲੈ ਗਏ ਚੋਰ

ਅੱਜ ਕੇਸਰ ਦੀ ਰੁੱਤ ਮਾਲਣੇ
ਪਰ ਸੱਦ ਮਾਹੀ ਦੀ ਹੋਰ

ਕੀ ਕੁਝ ਪਿੰਡ ਤੇ ਬੀਤਿਆ
ਹੁਣ ਵਾਗਾਂ ਘਰ ਨੂੰ ਮੋੜ

ਰੁੱਸਿਆ ਮੁਲਕ ਪੰਜਾਬ ਦਾ
ਹੁਣ ਰੁੱਸਣਾ ਕਿਸਨੇ ਹੋਰ

•

## ਗਿੜਦਾ ਚੱਕ ਨਸੀਬ ਦਾ

ਗਿੜਦਾ ਚੱਕ ਨਸੀਬ ਦਾ
ਕੱਕਰੀ ਕਾਲੀ ਧਾਰ

ਮਹਿੰਦੀ ਦੀ ਰੁੱਤ ਚਾਕਰੀ
ਉੱਚੀ ਵਾਜ ਨਾ ਮਾਰ

ਖੁਸ਼ਬੋਆਂ ਦੀਆਂ ਵਾਦੀਆਂ
ਨੈਣਾਂ ਕਾਲੀ ਧਾਰ

ਖਿੜਿਆ ਫੁੱਲ ਪਹਾੜ ਦਾ
ਥਲ ਪੱਥਰਾਂ ਨੂੰ ਪਾੜ

ਭਿੱਜੇ ਖੰਭ ਪਹਾੜ ਦੇ
ਉੱਡਣ ਨੂੰ ਤੱਯਾਰ

ਵਾ ਵੱਗੀ ਉਡ ਜਾਣਗੇ
ਇਹ ਪੰਛੀ ਇਹ ਡਾਰ

ਅਨਹੋਣੀ ਦੀਆਂ ਬਰਕਤਾਂ
ਰੁੱਸੇ ਸਾਡੇ ਯਾਰ

ਉੱਚਾ ਬੋਲ ਨਾ ਬੋਲੀਏ
ਸਹਿ ਆਪਣਿਆਂ ਦੇ ਵਾਰ

ਚੱਕ ਉਮਰਾਂ ਦਾ ਗੇੜਿਆ
ਹੋ ਤਾਲੋਂ ਬੇਤਾਲ

ਆਦਿ ਅੰਤ ਤੋਂ ਟੁੱਟਿਆ
ਧਰਤੀ ਦਾ ਸੁਰਤਾਲ

ਤੇਰੇ ਮੇਲ ਦੀਆਂ ਖੁਸ਼ਬੋਆਂ
ਢੂੰਡਣ ਨਿਕਲੇ ਬਾਹਰ

ਜਿਨ੍ਹਾਂ ਮੈਨੂੰ ਮਾਰਿਆ ਜੀਵੇਂ
ਉਹਨਾਂ ਨੂੰ ਨਾ ਮਾਰ

ਰਤਾ ਕੁ ਹੌਲਾ ਹੋਣ ਦੇ ਰੱਬਾ
ਕੀ ਪਲਕਾਂ ਦਾ ਭਾਰ

•

## ਸੁਲਤਾਨਪੁਰੇ ਦੀਆਂ ਉਚੀਆਂ ਖਜੂਰਾਂ ਦੇ ਨਾਂ

ਉਚੀਆਂ ਤੇ ਲੰਮੀਆਂ ਖਜੂਰਾਂ ਵੇ
ਵਿਚ ਵਿਚ ਕਬਰਾਂ ਦੀਆਂ ਪੈੜਾਂ
ਜੱਗ ਨੇ ਤੋੜੇ ਪੰਛੀ-ਜੋੜੇ
ਆਹਲਣਿਆਂ ਦੀਆਂ ਖੈਰਾਂ

ਨਾਂ ਭੁੱਲੀਆਂ ਰਾਤਾਂ ਪਰਭਾਤਾਂ
ਨਾਂ ਹੰਝੂਆਂ ਸੰਗ ਭਿੰਨੀਆਂ ਬਾਤਾਂ
ਖ਼ਾਕੂ ਜੇਡ ਸੁਗਾਤ ਨਾ ਕੋਈ
ਖ਼ਲਕਤ ਫਿਰਦੀ ਮੋਈ ਮੋਈ

ਜਾਂ ਮੈਂ ਜਾਗੀ ਸੁਬ੍ਹਾ ਸਵੇਰੇ
ਜਗਮਗ ਘਾਟ ਰੰਗਾਂ ਦੇ ਡੇਰੇ
ਪਹਿਲੀ ਕੂਕ ਕੂੰਜ ਨੇ ਮਾਰੀ
ਯਾਰ ਸਜਨ ਤੇਰੀ ਕਿਤ ਵਲ ਤਿਆਰੀ

ਖੇਤਾਂ ਦੀ ਵਟ ਉਤੇ ਖੜ੍ਹਕੇ
ਧਰਤੀ ਦੀ ਹਿੱਕ ਤੇ ਕੰਨ ਧਰਕੇ
ਮੈਂ ਕੋਈ ਡੂੰਘਾ ਰੋਗ ਪਛਾਣਾਂ
''ਨੈਂ ਵੀ ਡੂੰਘੀ ਤੁਲ੍ਹਾ ਪੁਰਾਣਾ
ਕੀਤੇ ਕੌਲ ਜ਼ਰੂਰੀ ਜਾਣਾ
ਨਦੀਓਂ ਪਾਰ ਰਾਂਝਣ ਦਾ ਠਾਣਾ''*

---

* ਸ਼ਾਹ ਹੁਸੈਨ

ਮੈਂ ਬੇਨਮ ਜੰਗਲਾਂ ਵਿਚ ਮੋਇਆ
ਵਣ ਵਣ ਘਟ-ਘਾਟ ਮੈਂ ਰੋਇਆ
ਰੁੱਖੀਆਂ ਟਾਹਣਾ ਬੇਰੱਤ ਰਾਹੀ
ਘਾਇਲ ਸ਼ੇਰ ਜਿਹਾ ਮੇਰਾ ਮਾਹੀ

ਅੱਖਰਾਂ ਦੀ ਅੱਗ ਕੀਕੂੰ ਸਾਂਭਾਂ
ਨਿੱਤ ਸੂਹੇ ਇਲਹਾਮ ਨੂੰ ਤਾਂਘਾਂ
ਮੈਂ ਇਲਮਾਂ ਤੋਂ ਬੂਹਾ ਢੋਇਆ
ਮਹਿਰਮ ਦੇ ਦਰ ਆਣ ਖਲੋਇਆ

ਪਹਿਲੀ ਹਾਕ ਸੁਰਾਂ ਦੀਆਂ ਤਾਂਘਾਂ
ਹਾਕ ਸੁਣੀਂਦੀ ਦੂਰ
ਕਹਿਣਾ ਸੱਜਣਾਂ ਦੀ ਬਾਂਹ ਫੜ ਕੇ
ਸਾਨੂੰ ਮਿਲਣ ਜ਼ਰੂਰ

ਸੁੰਨੀਆਂ ਯਾਰ ਪੁਰਾਣੀਆਂ ਗਲੀਆਂ
ਨਾਂ ਬਲ੍ਹਦਾਂ ਗਲ ਟਣਕਣ ਟੱਲੀਆਂ
ਨਾਂ ਪੱਤਣਾ ਤੇ ਜੁੜਦੇ ਮੇਲੇ
ਨਾਂ ਕੋਈ ਚਾਨਣ ਰੋਹੀਏਂ ਖੇਲ੍ਹੇ

ਨਾਂ ਕੋਈ ਪੀਰ ਫ਼ਕੀਰ ਨਾਂ ਸਾਂਈਂ
ਨਾਂ ਦੀਵਾ ਬਲਦਾ ਖ਼ਾਨਗਾਹੀਂ
ਯਾਰ ਸੱਜਣ ਦੀਆਂ ਬੇ-ਪਰਵਾਹੀਂ
ਯਾਰ ਸੱਜਣ ਸਾਨੂੰ ਹਿੱਕ ਨਾਲ ਲਾਈਂ

ਘੋਰ ਉਦਾਸੇ ਬਾਰ ਬਰੂਹਾਂ
ਬਿਨ ਛਾਵਾਂ ਦੇ ਉਜੜੀਆਂ ਜੂਹਾਂ
ਮੈਂ ਤੇਰੀਆਂ ਮੱਝੀਆਂ ਦਾ ਪਾਲੀ
ਵਿਚ ਬੇਲੇ ਕੁਝ ਉਮਰਾ ਜਾਲੀ

ਮੱਝੀਆਂ, ਬੇਲੇ, ਅੱਖ ਦਾ ਪਾਣੀ
ਤੈਂ ਬੀਰਨ ਸਾਡੀ ਪਿਆਸ ਪਛਾਣੀ

ਛੇੜੂ ਇਕ ਮੱਝੀਆਂ ਦਾ ਆਇਆ
ਸੁੱਟ ਖੂੰਡੀ ਸਾਨੂੰ ਹਿੱਕ ਨਾਲ ਲਾਇਆ
ਤੇਰੀ ਯਾਦ ਮੁਰਾਦ ਪੁਰਾਣੀ
ਮੈਂ ਇਸ ਦਾ ਹੰਭਿਆ ਜਿਹਾ ਹਾਣੀ

ਜਦ ਵੀ ਕੂਕ ਪੱਤਣ ਤੇ ਮਾਰਾਂ
ਜਦ ਵੀ ਨੀਰ ਨੈਣਾਂ ਦਾ ਠਾਰਾਂ
ਜਦ ਵੀ ਆਪਣਾ ਰੋਗ ਚਿਤਾਰਾਂ
ਗਲ ਮਿਲ ਰੋਣ, ਜੁਗਾਂ ਦੀਆਂ ਡਾਰਾਂ

ਸ਼ਾਮ ਪਈ ਪਰਦੇਸੀ ਡਿਠਾ
ਜਿੰਨਾਂ ਪਿਆਰਾ, ਓਨਾ ਮਿਠਾ
ਜਿਸ ਨੂੰ ਤੱਕਿਆ ਨੈਣਾਂ ਭਰਦੇ
ਮਨ ਦੇ ਸਗਲੇ ਸਹਿਰਾ ਠਰਦੇ
ਮੈਂ ਬੋਲਾਂ ਉਹ ਬੋਲ ਨਾ ਬੋਲੇ
ਇਕ ਦੋ ਬੋਲ ਜੁਗਾਂ ਦੇ ਉਹਲੇ

ਸੂਤੇ ਦਿਲ ਹਲਕਾਈਆਂ ਨਜ਼ਰਾਂ
ਸਾਡਾ ਰੋਗ ਹਲਾਲੀਆਂ ਫਜ਼ਰਾਂ
ਸਜਦਾ ਸਜਦਾ ਸੋਗ ਨਿਹਾਰਾਂ
ਰੱਤ ਸੂਰਜ ਦੀ ਹਿੱਕ ਵਿਚ ਠਾਰਾਂ
ਅੱਥਰੂ ਅੱਥਰੂ ਚੰਨ ਤਿਰਹਾਇਆ
ਸਾਡੀ ਰਾਸ ਤਿਹਾਈ-ਕਾਇਆ

ਲੱਖ ਦਰ ਬੰਦ ਕੋਟ ਦਰ ਖੋਲ੍ਹੇ
ਦੁੱਧ ਉਸ ਦਾ ਮੇਰੀ ਹਿੱਕ ਵਿਚ ਬੋਲੇ
ਬਾਕੀਆਂ ਬਲਦੀਆਂ ਅੱਖੀਆਂ ਉਹਲੇ
ਕਦੇ ਕਦੇ ਕੋਈ ਅੱਥਰੂ ਡੋਲੇ

•

# ਜੰਮੂਏ ਦਾ ਡੋਗਰਾ

ਬੰਨਾਂ ਜੰਮੂ ਸ਼ਹਿਰ ਦਾ
ਕੁਝ ਬੰਜਰ ਕੁਝ ਗਿਰਾਂ
ਸ਼ਹਿਰ ਲਹੌਰੋਂ ਉਤਰੀ
ਕੋਈ ਬਾਬਲ ਵਰਗੀ ਛਾਂ

ਜੰਮੂਏ ਦਾ ਡੋਗਰਾ ਆਖਦਾ
ਕੋਈ ਯਾਰ ਮਿਲੇ ਲੱਜਪਾਲ
ਮੈਂ ਡਿੱਠਾ ਹਰ ਕੋਈ ਜਾਂਵਦਾ
ਤੈਨੂੰ ਕਿਸ ਦੀ ਭਾਲ

ਡਿੱਠੇ ਮੇਰੀ ਨਜ਼ਰ ਨੇ
ਉਹ ਗੋਰੇ ਅਸਮਾਨ
ਹਿੱਕ ਮੇਰੀ ਨੂੰ ਚੀਰ ਕੇ
ਕੱਢ ਕੇ ਲੈ ਗਏ ਜਾਨ

ਮਹਿੰਦੀ ਹੱਥੀਂ ਵਰਜਿਆ
ਫੜ ਘੋੜੇ ਦੀ ਵਾਗ
ਨੈਣ ਬਦਾਮੀ ਗੋਰੀਏ
ਵਿਚ ਜੰਮੂਏ ਦੇ ਬਾਗ਼

ਆਂਗਣ ਕੰਧੀ ਕੱਚੀਆਂ
ਵਿਚ ਦਾਤੂ ਦੇ ਰੁੱਖ
ਸ਼ਾਹਰਗ਼ ਤੇ ਬਹਿ ਚੀਕਦਾ
ਚੀਤੇ ਵਰਗਾ ਦੁੱਖ

ਦਰਿਆਵਾਂ ਵਿਚ ਹੜ੍ਹਾਂ ਨੇ
ਛੱਡਿਆ ਕੌਣ ਗਿਰਾਂ
ਰਾਗ ਨਾਦ ਤੋਂ ਬਾਹਰਾ
ਰੱਖੀਏ ਕਿਹੜਾ ਨਾਂ

ਝਖੜ ਝਾਂਗੀ ਸਰਘੀਆਂ
ਭਿੜਦੇ ਧਰਤ ਆਕਾਸ਼
ਹਰ ਸੂ ਚਮਕੇ ਦਾਮਨੀ
ਬੂੰਦਾਂ ਦਾ ਪਰਕਾਸ਼

ਖਿੜਿਆ ਬੇਲਾ ਪਾਰ ਦਾ
ਫੁੱਲ ਕੰਡਿਆਂ ਦਾ ਮਾਣ
ਚੰਨ ਢੱਕੀ ਵਿਚ ਟੁੱਟਿਆ
ਕਣ ਕਣ ਰਿਹਾ ਪਛਾਣ

ਤਾਰਾ ਤਾਰਾ ਛਲਕਿਆ
ਘੁੰਮ ਅੰਬਰ ਦਾ ਜਾਮ
ਰਾਹ ਗ਼ੈਬਾਂ ਦਾ ਪੁੱਛਦੇ
ਮਿੱਟੀ ਦੇ ਮਹਿਮਾਨ

ਊਂਘੇ ਪਰਬਤ ਪਾਰਲਾ
ਜਾਂ ਅੱਸੂ ਦੀ ਧੁੱਪ
ਰੰਗ ਗੋਰੀ ਦਾ ਸ਼ਰਬਤੀ
ਪੀਤਿਆਂ ਲੱਥੇ ਭੁੱਖ

ਸ਼ੀਸ਼ ਮਹਿਲ ਦੀਆਂ ਬਾਰੀਆਂ
ਵਿਚ ਜਲਵਾ ਰੰਗਾਂ ਦਾ
ਅਜੇ ਵੀ ਛਣ ਛਣ ਛਣਕਦਾ
ਛਣਕਾਟਾ ਵੰਗਾਂ ਦਾ

ਜੋ ਸੋਹਣਾ ਸੋ ਜਾਣਦਾ
ਸਾਖ ਵਟਾਇਆ ਵੰਨ
ਮਿਰਜ਼ਾ ਚੋਰ ਝਨਾਂ ਦਾ
ਵੀਰਾਂ ਕੋਹਿਆ ਬੰਨ੍ਹ

ਆ ਵੇ ਚੀਰੇ ਵਾਲਿਆ
ਕਰ ਛਤਰੀ ਦੀ ਛਾਂ
ਨਾਂਹ ਕਰੀਏ ਗੱਲ ਉਡਦੀ
ਹਾਂ ਕਰੀਏ ਜਾਂ ਨਾਂਹ

ਚੋਆਂ ਕੰਢੇ ਅੰਬੀਆਂ
ਵਿਚ ਜੋੜਾ ਘੁੱਗੀਆਂ ਦਾ
ਲਾਲ ਦੰਮਾਂ ਦਿਆਂ ਲੋਭੀਆ
ਲਾਮ ਲੱਗੀ ਘਰ ਆ

ਸਾਂਵਲ ਧਸਿਆ ਵਣਾਂ ਵਿਚ
ਨਿੱਘੀਆਂ ਕਲੀਆਂ ਰੋਲ
ਗੋਰੀ ਗੀਤ ਫ਼ਨਾਹ ਦਾ
ਗੁੰਮ ਸੁੰਮ ਡਾਵਾਂ ਡੋਲ

ਲੱਭਣਾ ਏਡੇ ਹੁਸਨ ਨੂੰ
ਢੋਲਾ ਸਾਡੀ ਮੰਨ
ਰੰਗ ਦੰਦਾਸਾ ਮਹਿੰਦੀਆਂ
ਜੋਬਨ ਮਹਿੰਗੇ ਵੰਨ

ਹੋਲੀ ਬਾਂਕੇ ਸ਼ਹਿਰ ਦੀ
ਜਾਂ ਬੁਲ੍ਹੀਆਂ ਦਾ ਸੇਕ
ਪਾਰ ਪਹਾੜੀਂ ਬਲ ਰਿਹਾ
ਕੋਈ ਦੀਵੇ ਵਰਗਾ ਦੇਸ

ਜਰ ਜਰਵਾਣੇ ਪੂਜ ਕੇ
ਭਰ ਪਿਤਰਾਂ ਦਾ ਡੰਨ
ਬੰਨੇ-ਚੰਨੇ ਭਾਲਦੇ
ਨਾਂ ਚਾਨਣ ਨਾਂ ਚੰਨ

ਸੂਹਵੀਆਂ ਤੇ ਸਾਵੀਆਂ ਡੋਰਾਂ
ਜਾਂ ਕੇਸਰ ਦਾ ਚੀਰ
ਕਜਰਾ ਗਜਰਾ ਭਿੜ ਪਏ
ਭਰ ਨੀਂਦਰ ਦੀ ਪੀੜ

ਨੱਕ ਦੀ ਧੀਰੀ ਧੁੰਮਦੀ
ਚੜ੍ਹਿਆ ਸ਼ਾਹ ਅਸਵਾਰ
ਕੋਕਾ ਤੀਲ੍ਹੀ ਮਹਿੰਗੀਆਂ
ਮੁੱਲ ਵੱਟਿਆ ਸੁਨਿਆਰ

ਨਾਖਾਂ ਦੇ ਵਿਚ ਮਾਲੀਆਂ
ਕੀਤੇ ਕੱਚੜੇ ਭਾਅ
ਅੰਬੀਆਂ ਤੋਤੇ ਟੁੱਕਦੇ
''ਸੂਹੀ ਚੁੰਝ ਘੜਾ''

ਗੁੱਜਰ ਹਾਂਡੀ ਚਾੜ੍ਹਦੇ
ਭੁਜਣ ਪਏ ਕਬਾਬ
ਭਰੇ ਕਟੋਰੇ ਛਲਕਦੇ
ਨੈਣਾਂ ਚੜ੍ਹੇ ਉਕਾਬ

ਢੋਕ ਧਰੇਕਾਂ ਫੁੱਲੀਆਂ
ਤੂੰ ਵੇਖਣ ਦੇ ਲਈ ਆ
ਗੀਤ, ਸੁਹਣੇ ਦੀ ਹਾਕਮੀ
ਅਜੇ ਵੀ ਚਲਦੀ ਆ

ਗੋਰੀ ਆਖੇ ਸਾਂਵਲਾਂ
ਕਾਹਨੂੰ ਕੀਤਾ ਮਾਣ
ਨਾ ਬੁੱਝਿਆ ਨਾ ਜਾਣਿਆ
ਜੀਅ ਦੇ ਨਾਲ ਜਹਾਨ

ਤਵੀ ਕਿਨਾਰੇ ਗੋਰੀਆਂ
ਚੰਨ ਵੇਖਣ ਦੇ ਚਾਅ
ਢੂੰਡਣ ਪੈੜਾਂ ਤੇਰੀਆਂ
ਅੱਥਰੂ ਭਿੰਨੀ ਵਾਅ

ਤਾਰੇ ਚਮਕਣ ਦੇਸ ਦੇ
ਪਰਦੇਸਾਂ ਵਿੱਚ ਛਾਂ
ਉੱਜੜੇ ਸ਼ਹਿਰ ਲਾਹੌਰ ਦਾ
ਲੈਂਦਾ ਨਾਂ ਕੋਈ ਨਾਂ

ਬਹੁਤ ਨਿਮਾਣੇ ਹੋ ਗਏ
ਕਵਿਤਾ ਦੇ ਬਾਜ਼ਾਰ
ਉੱਜੜੇ ਦਿਲ ਨੂੰ ਪੂਜਣਾ
ਨਿਘਰਿਆਂ ਦੇ ਬਾਰ

•

## ਦੀਵਾ ਬਲੇ ਲਾਹੌਰ ਦੇ ਵਿਚ ਵੇ

ਇਹ ਜਗਮਗ ਚਿਰਾਗ਼ ਸੁਹਣੇ ਪੰਜਾਬ ਦੀ ਸੁਰੀਲੀ ਮਿੱਟੀ ਦੀ ਨਜ਼ਰ ਹੈ। ਭਾਵੇਂ ਬੇਗ਼ਾਨੇ ਵੈਰੀ ਵੱਸਦੇ ਘਰਾਂ ਨੂੰ ਉਜਾੜ ਦੇਣ ਜਾਂ ਘਰਾਂ ਦੇ ਭੇਤੀ ਇਕ ਬਣੇ ਬਣਾਏ ਸੋਨ-ਸੁਨਹਿਰੀ ਆਹਲਣੇ ਜਾਂ ਸੁਹਣੀ ਧਰਤੀ ਦਾ ਭਾਗ ਉਜਾੜ ਦੇਣ। ਗੱਲ ਇਕੋ ਹੈ। ਦੋਹੀਂ ਪਾਸੀਂ ਪੀੜਾਂ ਦੇ ਅਮਾਨਵੀ ਕਹਿਰ ਟੁੱਟਦੇ ਹਨ। ਆਪਣਿਆਂ ਦੇ ਮਾਰੇ ਭਲਾ ਕਦੋਂ ਬਚਦੇ ! ਆਓ ਆਪਾਂ ਮਾਨਵਤਾ ਦੇ ਪ੍ਰਭਾਤੀ-ਮੇਲੇ ਦੀ ਸ਼ੁਭ ਕਾਮਨਾਂ ਕਰੀਏ। ਮੋਰਾਂ, ਲਾਹੌਰ ਦਰਬਾਰ ਦੀ ਹਿਤੈਸ਼ੀ, ਗ਼ੱਦਾਰਾਂ ਨੂੰ ਨਫ਼ਰਤ ਕਰਨ ਵਾਲੀ, ਇਕ ਗਣਿਕਾ ਸੀ, ਕਲਾਕਾਰ ਸੀ। ਇਹ ਸੁਪਨਾਂ ਉਸਦਾ ਹੈ। ਨਾਲੇ ਸੁਪਨਿਆਂ ਦਾ ਕੀ ਹੈ? ਇਹ ਇਤਿਹਾਸ, ਮੌਤ ਜਾਂ ਕਾਲ/ਤੱਥ ਦੇ ਹੱਦ ਬੰਨੇ ਟੱਪ ਸਕਦੇ ਹਨ। ਇਹ ਕਵਿਤਾ ਸ਼ੇਰੇ-ਪੰਜਾਬ ਦੇ ਸਰਬ-ਸਾਂਝੇ ਪਿਆਰ ਦਾ ਇਕ ਸੁਪਨਾ ਹੈ।

ਦੀਵਾ ਬਲੇ ਲਾਹੌਰ ਵਿੱਚ
ਚਮਕ ਏਸ਼ੀਆ ਪਾਰ
ਮਹਾਂਬਲੀ ਰਣਜੀਤ ਸਿੰਘ
ਪੂਰਬ ਦਾ ਉਜਿਆਰ

ਲੋਭੀ ਗੋਰਾ ਕੰਪਨੀ
ਟੇਢਾ ਟੋਪੀਧਾਰ
ਲਾਲ-ਗੁਲਾਬੀ ਮੁੱਖੜਾ
ਬਿੱਲੇ ਨੈਣ ਤਰਾਰ

ਇਕ ਹੱਥ ਬਾਈਬਲ ਰੱਖਦੇ
ਦੂਜੇ ਹੱਥ ਵੀਚਾਰ
ਮਰਦ ਤੀਵੀਆਂ ਨੱਚਦੇ
ਹੋ ਹੋ ਪੱਬਾਂ ਭਾਰ

ਦਾਨੇ, ਵੱਡੇ ਸੂਰਮੇਂ
ਨੀਤੀ ਦੇ ਸਰਦਾਰ
ਆਪਣਾ ਆਪਣਾ ਰੱਬ ਹੈ
ਆਪਣਾ ਸਭਿਆਚਾਰ

ਫਿਰ ਵੀ ਏਡੇ ਨੀਚ ਨਾਂ
ਜੋ ਸਾਡੇ ਗ਼ੱਦਾਰ ?
ਮੈਂ ਮੰਨਾਂ ਉਹ ਗਾਂਵਦੇ
ਜਰਮਨ ਪੈਰਿਸ ਪਾਰ

ਸੁਣਿਆ ਸਾਡੀ ਤਾਨ ਸੁਹਾਵੀ
ਸੁਰ ਦੀ ਅਜਬ ਬਹਾਰ
ਸਾਡਾ ਰਾਗ ਦਿਲਾਂ ਨੂੰ ਜੋੜੇ
ਸੁਰ ਬੇਅੰਤ ਅਪਾਰ

ਰਾਗ ਦਾਤ ਸੁਬਹਾਨ ਦੀ
ਪੁੰਨ-ਪਾਪ ਤੋਂ ਪਾਰ
ਰਾਗ ਕੰਪਨੀ ਮੈਂ ਵੀ ਸੁਣਿਆ
ਰਾਜਨ ਦੇ ਦਰਬਾਰ

ਬਹੁਤ ਉੱਚੀਆਂ ਮੋਟੀਆਂ ਵਾਜਾਂ
ਡਰੇ ਹਿਰਨ ਦੀ ਡਾਰ
ਸਾਡੀ ਵੰਝਲੀ, ਵੀਣਾ, ਜੋੜੀ
ਸੂਖਮ ਥਾਟ ਅਪਾਰ

ਸਾਡਾ ਨਾਚ ਨੂਰ ਦਾ ਝਰਨਾ
ਖਿੜਿਆ ਅੰਦਰ ਬਾਹਰ
ਬਾਂਕੀਆਂ ਮੇਮਾਂ ਬਾਂਕੇ ਸਾਹਿਬ
ਪੱਛਮ ਦਾ ਸ਼ਿੰਗਾਰ

ਉਹਨਾਂ ਦਾ ਸੰਗੀਤ ਵੀ ਮਿੱਠਾ
ਬਾਂਕਾ ਹੁਸਨ ਅਪਾਰ
ਕਾਮ ਕਾਮਨਾ ਰੱਜਕੇ ਮਾਣਨ
ਕੀ ਬਾਤਨ ਕੀ ਜ਼ਾਹਰ

ਸ਼ਹਿਰ ਲਾਹੌਰ 'ਚ ਥਾਂ ਥਾਂ ਛਾਏ
ਯੂਰਪ ਦੇ ਬਲਕਾਰ
ਇਕ ਦਿਨ ਸਿੱਖਰ ਦੁਪਹਿਰਾਂ ਵੇਲੇ
ਇਊਂ ਬੋਲੇ ਸਰਕਾਰ

ਸਭੋ ਲਾਲ ਲਾਲ ਹੋ ਜਾਣਾ
ਦਿਲੀ, ਲ੍ਹੌਰ, ਕੰਧਾਰ
ਦਾਰੂ ਦਾਰੂ, ਬੁੱਕਲ ਨਾਰਾਂ
ਤਹਿਜ਼ੀਬਾਂ ਦੀ ਸਾਰ

ਮਿੱਤਰਚਾਰਾ ਸੰਧੀ ਕਰਦੇ
ਲਿਖਦੇ ਨਾਲ ਕਟਾਰ
ਇਲਮ ਸਿਆਸਤ ਐਸਾ ਕਰਦੇ
ਖਾ ਜਾਂਦੇ ਘਰ ਬਾਰ

ਨਵੀਂ ਪੁਰਾਣੀ ਨੀਤੀ ਇਕੋ
ਬੰਦਾ ਛੱਡਣਾ ਮਾਰ
ਦਿੱਲੀ ਅੰਬਰਸਰ ਕਲਕੱਤਾ
ਉਜੜੇ ਵੇਖੇ ਜ਼ਾਹਰ

ਮੈਂ ਵੇਖੇ ਨੇ ਰਿਸ਼ਤੇ ਟੁੱਟਦੇ
ਜਾਂ ਉਜੜੇ ਘਰ ਬਾਰ
ਜਿਹੜਾ ਗੱਦੀ ਤੇ ਬਹਿ ਜਾਂਦਾ
ਰੱਬ ਹੁੰਦੀ ਸਰਕਾਰ !

ਬਾਕੀ ਦਾ ਰੱਬ ਗਾਮਾਂ ਮਾਝਾ
ਮੰਗਦਾ ਗਲੀ ਬਾਜ਼ਾਰ
ਤਾਜ ਤਖ਼ਤ ਦੇ ਮਾਲਕ ਡਿੱਠੇ
ਟੁੱਕਰ ਤੋਂ ਆਜ਼ਾਰ

ਧੀਆਂ ਭੈਣਾਂ ਨਾਰਾਂ ਨੱਚਣ
ਅੱਥਰੂ ਭਰ ਬਜ਼ਾਰ
ਡੁੱਬ ਚੱਲੇ ਜੋ ਚੜ੍ਹਦੇ ਵੇਖੇ
ਥਲ-ਪਰਬਤ ਤੋਂ ਪਾਰ

ਏਥੇ ਬੈਠ ਕਿਸੇ ਨਹੀਂ ਰਹਿਣਾ
ਮੋਰਾਂ ਨਾਂ ਸਰਕਾਰ
ਬੜੇ ਬੜੇ ਦਾਨੇ ਦਰਬਾਰੀ
ਬਹਿ ਬਹਿ ਕਰਨ ਵੀਚਾਰ

ਸ਼ਾਲਾ ! ਸਾਡਾ ਘਰ ਬਚ ਜਾਵੇ
ਹੇ ਰੱਬਾ ਲੈ ਸਾਰ
ਅੱਠ ਸੌ ਸਾਲ ਗੁਲਾਮੀ ਭੰਨੀ
ਗੰਗਾ ਸਿੰਧ ਦੀ ਧਾਰ

ਮਹਾਂਬਲੀ ਨੇ ਮਤ ਪਤ ਮੋੜੀ
ਰੁਲਦੀ ਸਰੇ ਬਜ਼ਾਰ
ਏਡੇ ਸ਼ੇਰ ਰੋਜ਼ ਨਹੀਂ ਜੰਮਦੇ
ਨਿੱਤ ਜੰਮਦੇ ਗ਼ੱਦਾਰ

ਆਪਣਾ ਸਭ ਕੁਝ ਛੱਡ ਚੱਲੇ ਨੇ
ਪੂਰਬ ਦੇ ਨਰ ਨਾਰ
ਜੜ੍ਹਾਂ ਭੁਲਾ ਕੇ ਬਾਗ਼ ਤੇਰੇ ਦੀਆਂ
ਸਦੀਆਂ ਰਹੇ ਖੁਆਰ

ਚੜ੍ਹਿਆ ਸ਼ੇਰ ਦਲਾਂ ਦਾ ਮੋਹਰੀ
ਦਿਲਜਾਨੀ ਸਰਦਾਰ
ਚੀਨ ਮਚੀਨ ਤੇ ਲੰਦਨ ਕੰਬਦੇ
ਕਾਬਲ ਤੇ ਕੰਧਾਰ

ਤੇਰੀ ਸ਼ਾਨ ਹੈ ਸ਼ੇਰਾਂ ਵਾਲੀ
ਪੰਜਾਬੀ ਸਰਕਾਰ
ਮੈਂ ਤੱਕਿਆ ਕੁੱਲ ਦੱਖਣ ਪੂਰਬ
ਜਾਂ ਦਿੱਲੀ ਦਰਬਾਰ

ਸਾਡੀ ਸ਼ਾਨ ਦਿਨੋ ਦਿਨ ਡੁੱਬੀ
ਡੁੱਬੀ ਕਾਲੀਧਾਰ
ਮੈਂ ਵੇਖੀ ਮੁਗ਼ਲਾਂ ਦੀ ਸ਼ਾਹੀ
ਦਿੱਲੀ ਦੇ ਦਰਬਾਰ

ਵੱਡਾ ਸ਼ੌਂਕ ਕਬੂਤਰ ਬਾਜ਼ੀ
ਜਾਂ ਦਾਰੂ ਜਾਂ ਨਾਰ
ਮੁਗ਼ਲ, ਮਰਾਠੇ ਦੀ ਗੱਲ ਪੁੱਗੀ
ਕਠਪੁਤਲੀ ਸਰਕਾਰ

ਜਮਨਾਂ ਵਿਚ ਮੁਗ਼ਲਾਂ ਦੀ ਸ਼ਾਹੀ
ਡਿੱਗੀ ਮੂਧੇ ਭਾਰ
ਸ਼ਾਹੀ ਵਿਆਹ ਦਾ ਜਸ਼ਨ ਸੁਣੋ ਜੀ
ਕਹਿਣ ਸੁਣਨ ਤੋਂ ਬਾਹਰ

ਦੂਲੋ ਸ਼ੇਰ ਸਿੰਘ ਦੇ ਵਿਆਹ ਤੇ
ਲੱਥੀ ਅਜਬ ਬਹਾਰ
ਕੇਸਰ ਖਾਂ ਦਾ ਗਾਇਨ
ਨੱਚੀ ਮੋਰਾਂ, ਗ਼ੁਲਬਹਾਰ

ਪਟਿਆਲੇ ਦਾ ਵਾਦਨ ਖਿੜਿਆ
ਚਾਂਦਨਾਂ ਕੇਦਾਰ
ਰਾਜੇ, ਜਥੇਦਾਰ, ਦਰਬਾਰੀ
ਮਾਲਵ ਦੇ ਸਰਦਾਰ

ਬਡੇ ਬਡੇ ਬਾਂਕੇ ਮਰਦਾਵੇਂ
ੳੁਤਰੇ ਰਾਠ ਅਪਾਰ
ਠੁਮਕ ਠੁਮਕ ਰਾਵੀ ਪਈ ਵਗਦੀ
ਰੌਸ਼ਨ ਸ਼ਾਲਾਮਾਰ

ਸ਼ਹਿਰ ਲਾਹੌਰ ਜਸ਼ਨ ਦੀ ਜੰਨਤ
ਮਦਿਰਾ ਤੇਜ਼ ਤਰਾਰ
ਪਟਿਆਲੇ ਕੇ ਰਾਵਲ ਆਏ
ਫੂਲਕੀਆਂ ਸਰਦਾਰ

ਨਾਭਾ, ਜੀਂਦ, ਲਾਡਵਾ, ਪਰਬਤ
ਕਲਕੱਤਾ, ਕੰਧਾਰ
ਵੱਡੇ ਵੱਡੇ ਡੇਰੇ ੳੁਤਰੇ
ਰੰਗ ਬਰਸੇ ਦਰਬਾਰ

ਵਾਜੇ ਗਾਜੇ ਨਾਚ ਨਚੱਈਆ
ਹਾਥੀ ਘੋੜ ਸਵਾਰ
ਬਾਂਏ ਹੱਥ ਸ਼ਮਸ਼ੀਰਾਂ ਚਮਕਣ
ਕਲਗੀ ਦੀ ਚਮਕਾਰ

ਦਾਏਂ ਹੱਥ ਘੋੜੇ ਦੀਆਂ ਵਾਗਾਂ
ਜੈਕਾਰੇ ਜੈ ਕਾਰ
ਉੱਜਲ ਮੱਥੇ ਬਾਂਕੇ ਨੈਣਾਂ
ਜੋਧੇ ਕੇਸਾਧਾਰ

ਰੁਸਤਮ ਤੇ ਸੁਹਰਾਬ ਤੋਂ ਡਾਢੇ
ਬਾਜ਼ਾਂ ਵਾਂਗ ਉਡਾਰ
ਇਕ ਡੇਰੇ ਸਾਧੂ ਜਨ ਉਤਰੇ
ਭਗਵੇਂ ਰੂਪ ਅਪਾਰ

ਰੋਜ਼ ਕਥਾ ਦਾ ਪਹਿਰਾ ਲਗਦਾ
ਰਨਵਾਸਾਂ ਵਿਚਕਾਰ
ਝੁੱਲੀਆਂ ਸਤਸੰਗਤ ਦੀਆਂ ਪੌਣਾ
ਸ਼ਾਦੀ ਤੋਂ ਉਰਵਾਰ

ਦੂਜੇ ਡੇਰੇ ਨਾਚ ਨਚੱਈਆ
ਗਾਇਨ-ਚਿੱਤਰਕਾਰ
ਹਰ ਖੇਮਾ ਖਾਣੇ ਖ਼ੁਸ਼ਬੋਆਂ
ਖਿੜਿਆ ਬਾਗ਼-ਬਹਾਰ

ਰਸੀਆ ਨਾਰਾਂ ਦੂਲੇ ਗੱਭਰੂ
ਮਜਲਿਸ ਦਾ ਸ਼ਿੰਗਾਰ
ਤੁਰਕ ਪਠਾਨ ਤੇ ਮੋਮਨ ਉਤਰੇ
ਮਦਮਾਤੇ ਰੂਹ ਠਾਰ

ਹਮਕੋ ਤੁਮਕੋ ਗਿਟ ਮਿਟ ਕਰਦੇ
ਅਫ਼ਰੰਗੀ ਨਰ ਨਾਰ
ਵੱਡਿਆਂ ਨਾਲ ਸ਼ਰੀਕਾ ਕਰਨਾ
ਗੋਰੇ ਦਾ ਕਿਰਦਾਰ

ਸਾਡੀ ਹਰ ਸ਼ੈ ਮਾੜੀ ਲਿਖਦੇ
ਅੰਗਰੇਜ਼ੀ ਦੇ ਯਾਰ
ਅਸੀਂ ਵੀ ਮੈਲੇ ਹੋ ਚਲੇ ਹਾਂ
ਘਰ ਨੂੰ ਲੱਗਾ ਪਾੜ

ਗ਼ੈਰਾਂ ਦੇ ਘਰ ਚੁਗ਼ਲੀ ਖਾਦੇ
ਇਹ ਸਾਡਾ ਕਿਰਦਾਰ
ਜਲਵਾ ਸ਼ੇਰ ਦਾ ਜਰਦੇ ਨਾਹੀਂ
ਲੁਕਵਾਂ ਕਰਦੇ ਵਾਰ

ਘਰ ਦੇ ਭੇਤੀ ਲੰਕਾ ਢਾਹੁੰਦੇ
ਬਖ਼ਸ਼ ਲਵੇ ਕਰਤਾਰ
ਰੱਜਿਆ ਪੁੱਜਿਆ ਮੁਲਕ ਮਾਹੀ ਦਾ
ਅਦਲਾਂ ਦੀ ਸਰਕਾਰ

ਗੋਰੇ ਨਾਲੋਂ ਦਾਨਾ ਬੀਨਾ
ਪੰਜਾਬੀ ਦਰਬਾਰ
ਬਖ਼ਸ਼ੇ ਰੱਬ ਮੇਰੀ ਬੇਅਦਬੀ
ਹੇ ਸੱਚੀ ਸਰਕਾਰ

ਮੈਂ ਕੀ ਸਿਫ਼ਤ ਕਰਾਂ ਹੇ ਰਾਜਨ
ਸਿਫ਼ਤ ਕਰੇ ਸੰਸਾਰ
ਹੁਣ ਤਾਂ ਜਾਗ ਮੁਲਕ ਦਿਆ ਚੰਨਾ
ਕੱਟ ਨ੍ਹੇਰੇ ਦੀ ਧਾੜ

ਜਿੱਤ ਮੇਰੇ ਸਾਹਿਬ ਦੀ ਹੋਵੇ
ਗੱਦਾਰਾਂ ਦੀ ਹਾਰ
ਕਰਨਲ ਜਰਨਲ ਨੌਕਰ ਯੂਰਪ
ਚਾਕਰ ਨੇ ਨਰਨਾਰ

ਦਿਲ ਦਰਿਆ ਸਮੁੰਦਰੋਂ ਡੂੰਘੇ
ਕੀ ਇਹਨਾਂ ਨੂੰ ਸਾਰ
ਰਾਜਾ ਕਲਾਂਬਹਾਦੁਰ ਜੋਰੀਂ
ਖਹਿ ਲਾਵੇ ਦਰਬਾਰ

ਜੇ ਦੱਸਾਂ ਸ਼ੇਰੇ ਪੰਜਾਬ ਨੂੰ
ਹੱਸ ਦੇਂਦੇ ਸਰਕਾਰ
ਤੇਰੇ ਬੱਚਿਆਂ ਦੇ ਸੀਨੇ ਤੇ
ਕਰਦੇ ਗੁੱਝਾ ਵਾਰ

ਆਪਣੇ ਬੇਗ਼ਾਨੇ ਖ਼ੁਦਗਰਜ਼ੀ
ਜਰ ਜੋਰੂ ਦੇ ਯਾਰ
ਥੋੜ੍ਹੇ ਮਹਾਰਾਵਲ ਦੇ ਮਹਿਰਮ
ਬਾਕੀ ਸਭ ਬੇਯਾਰ

ਅਸੀਂ ਅਨਾਥ ਨਿਮਾਣੇ ਬੰਦੇ
ਟੁੱਟੇ ਦਿਲ ਦੀ ਠਾਹਰ
ਰੂਹੋਂ ਭੁੱਖੇ ਰਾਹੋਂ ਖੁੰਝੇ
ਭੁੱਖੇ ਬਾਤਨ ਜ਼ਾਹਰ

ਜਿਹੜਾ ਸਭ ਤੋਂ ਵੱਧ ਇਤਬਾਰੀ
ਵਿਕਣ ਲਈ ਤੱਯਾਰ
ਮੈਂ ਸਰਕਾਰ ਦੀ ਸ਼ਾਹੀ ਭੇਤੀ
ਚੁਣ ਮਾਰਾਂ ਗੱਦਾਰ

ਨਲਵੇ ਤੇ ਮੁਹਕਮ ਚੰਦ, ਦਾਨੇ
ਧਰਤੀ ਦਾ ਸ਼ਿੰਗਾਰ
ਜਦ ਵੇਲਾ ਸੁੱਚਿਆਂ ਦਾ ਆਇਆ
ਲੱਗੀ ਨਜ਼ਰ ਟਪਾਰ

ਏਡੇ ਮਹਾਂਬਲੀ ਜਦ ਤੁਰ ਗਏ
ਕੀ ਬਚਣਾ ਸਰਕਾਰ
ਡੋਗਰ ਰਾਜ ਵੰਡਾ ਲੈ ਜਾਸਣ
ਬਾਕੀ ਹੋਣੇ ਖੁਆਰ

ਮੋਮਨ ਗੱਦਾਰੀ ਘੱਟ ਕਰਦੇ
ਇਹ ਵੀ ਲੈਣੇ ਮਾਰ
ਏਦਾਂ ਜਾਪੇ ਦੇਸ ਮੇਰੇ ਦੀ
ਮੁੱਕੀ ਸਦਾ ਬਹਾਰ

ਸਾਂਭੋ ਮੁਲਕ ਮਾਹੀ ਦਾ ਲੋਕੋ
ਉਜੜਨ ਨੂੰ ਤੱਯਾਰ

•

## ਐਡੀ ਕਿਹੜੀ ਬਾਤ

ਮਣਾਂ ਮੂੰਹ ਯੋਰਪ ਨੇ ਲਿਖਿਆ
ਸ਼ੇਰ ਨਾ ਮੋਇਆ ਵੱਤ
ਸਾਡੇ ਯਾਰ ਪੜ੍ਹੇ ਅੰਗਰੇਜ਼ੀ
ਲਿਖਦੇ ਇਕ ਨੂੰ ਅੱਠ

ਗੋਰੇ, ਮੁਨਸ਼ੀ, ਕੈਪਟਨ, ਕਰਨਲ ਕੀ
ਲਿਖਦੇ ਇਤਿਹਾਸ ?
ਬਾਦਸ਼ਾਹ ਸ਼ੇਰੇ ਪੰਜਾਬ ਨੂੰ
ਰਾਜਾ, ਲਿਖਦੇ ਦਾਸ

ਯੋਰਪ ਲੰਦਨ ਓਸ ਸਦੀ ਦਾ
ਐਡੀ ਕਿਹੜੀ ਬਾਤ
ਜੋ ਪੰਜਾਬ ਨੇ ਪੈੜਾਂ ਪਾਈਆਂ
ਗੂੰਗਾ ਕਿਉਂ ਇਤਿਹਾਸ

ਦੱਖਣ ਵਾਲੇ ਏਸ਼ੀਆ ਉਤੇ
ਦਬਕਾ ਤੇਰਾ ਸ਼ੇਰ
ਸਾਡੀ ਸ਼ਾਹੀ ਦੁੱਕੀ ਤਿੱਕੀ
ਮੁੱਕਣਾ ਕਦੋਂ ਹਨੇਰ

ਦੇਸ਼ ਪੰਜਾਬ ਲੋਕਾਂ ਦੀ ਸ਼ਾਹੀ
ਮੰਨਦੇ ਮੁਲਕ ਬੇਗ਼ਾਨੇ
ਅੱਧੀ ਸਦੀ ਦਾ ਜਲਵਾ ਤੇਰਾ
ਪੂਰਬ-ਪੱਛਮ ਜਾਣੇ

•

## ਇਤਿਹਾਸ ਦਾ ਫ਼ਲਸਫ਼ਾ

ਗਿੜਦਾ ਚੱਕ ਨਸੀਬ ਦਾ
ਗਿੜਦਾ ਪੁੱਠੇ ਦਾਅ
ਉੱਠੀ ਸਫਾ ਪੰਜਾਬ ਦੀ
ਹੋਣੀ ਬੜੀ ਬਲਾ

ਖੱਫ਼ਣ ਖਾਧੇ ਵੇਚਕੇ
ਘਰ ਦੇ ਭੇਤੀ ਵਾਹ !
ਚੜ੍ਹਦਾ ਸੂਰਜ ਡੁੱਬਿਆ
ਸਤਲੁਜ ਕੰਢੇ ਆ

ਵੱਡੇ ਭਾਰ ਗੁਨਾਹ ਦੇ
ਜੋ ਝੱਲੇ ਸੋ ਜਾਣ
ਰਹਿਮਤ ਦਾ ਮੀਂਹ ਬਖ਼ਸ਼ ਦੇ
ਹੇ ਸੱਚੇ ਸੁਬਹਾਨ

ਬਾਣੀ ਦਾ ਸੁਰ ਭੰਨ ਕੇ
ਕੀ ਬਣਿਆ ਪੰਜਾਬ
ਅੰਬਰ ਝੁਕੇ ਫ਼ਨਾਹ ਦੇ
ਮੱਥਿਓਂ ਰੁਸੇ ਭਾਗ

ਕੀ ਇਤਿਹਾਸ ਦਾ ਫ਼ਲਸਫ਼ਾ
ਕੀ ਸਮਿਆਂ ਦੀ ਵੰਗਾਰ
ਹਾਰੇ ਦਾ ਮੂੰਹ ਕਾਲਾ ਲੋਕੋ
ਜਿੱਤਿਆਂ ਦੇ ਗਲ ਹਾਰ

ਹੱਕ ਇਨਸਾਫ ਤੇ ਫ਼ਲਸਫ਼ਾ
ਜਿੱਤਿਆਂ ਨੂੰ ਦਰਕਾਰ
ਹਾਰੀ ਹੋਈ ਕੌਮ ਦੇ
ਰੱਬ ਵੀ ਜਾਂਦੇ ਹਾਰ !

ਅੰਗਰੇਜ਼ੀ ਵਿਚ ਜੋ ਵੀ ਲਿਖਿਆ
ਟੌਮ ਡਿੱਕ ਪਰਵਾਨ
ਰਗ ਵਿਚ ਦੋਸ਼ ਹਰਾਮ ਦਾ
ਪੀ ਪੀ ਹੋਇਆ ਘਾਣ

ਗੁਆਲ ਭੱਟ, ਬ੍ਰਜਭਾਸ਼ ਦਾ
ਵੱਡਾ ਕਵੀ ਸੁਜਾਨ
ਉਸ ਨੇ ਵੀ ਰਣਜੀਤ ਦਾ
ਰੱਖਿਆ ਨਾਂ ਕੋਈ ਮਾਣ

ਜੋਜ਼ਫ ਇਕ ਕਨਿੰਘਮ ਹੋਇਆ
ਦਾਨਾ ਤੇ ਵਿਦਵਾਨ
ਸੁੱਚੀ ਟੇਕ ਦਲੀਲ ਦੀ
ਰੱਖੇ ਖ਼ੂਬ ਪਛਾਣ

ਸ਼ਾਹ ਮੁਹੰਮਦ ਗਾ ਗਿਆ
ਮਹਾਂ-ਕਾਵਿ ਦੀ ਸ਼ਾਨ
ਉਹ ਸ਼ਾਇਰੀ ਦਾ ਬਾਦਸ਼ਾਹ
ਪੰਜ ਦਰਿਆ ਦਾ ਮਾਣ

ਜਾਂ ਹਾਸ਼ਮ ਨੇ ਲਿਖਿਆ
ਗਾਵੇ ਕੁੱਲ ਜਹਾਨ
ਰੂਹ ਵਿਚ ਪੈੜਾਂ ਗੂਹੜੀਆਂ
ਉਹ ਸੱਸੀ ਦਾ ਮਾਣ

ਮਣਾਂ ਮੂੰਹ ਯੋਰਪ ਨੇ ਲਿਖਿਆ
ਸ਼ੇਰ ਨਾ ਮੋਇਆ ਵੱਤ
ਸਾਡਾ ਚੰਨ ਉਹਨਾਂ ਦਾ ਜੁਗਨੂੰ
ਕਰਦੇ ਬੜੀ ਕੁਪੱਤ

ਰੱਬ, ਰੁਤਬੇ, ਇਤਿਹਾਸ ਤੇਰੇ ਦੀ
ਧਰਕੇ ਲਾਹੁੰਦੇ ਪੱਤ
ਇਲਹਾਮਾਂ ਨੂੰ ਕਵਿਤਾ ਕਹਿੰਦੇ
ਝੂਠਾ ਮੰਨਦੇ ਸੱਚ

ਦੀਵਾਰਾਂ ਤੇ ਲਿਖਿਆ ਪੜ੍ਹਕੇ
ਸੀਨਾਂ ਜਾਵੇ ਮੱਚ
ਪੱਛਮ ਤੋਂ ਪੂਰਬ ਕਿਉਂ ਨੀਵਾਂ ?
ਜਰਿਆ ਕੱਚ-ਨਿਕੱਚ

ਤਰਕ ਉਨ੍ਹਾਂ ਦਾ ਰਾਜ ਜਿਨ੍ਹਾਂ ਦਾ
ਪਾਣੀਓ ਮਹਿੰਗੀ ਰੱਤ

ਸੱਚ ਉਹਨਾਂ ਦਾ ਰਾਜ ਜਿਨ੍ਹਾਂ ਦਾ
ਕੂੜ ਕਬੀਲਾ ਖਾਸ

ਹਾਕਮ ਨਸਲਾਂ ਉਚੀਆਂ ਨਸਲਾਂ
ਬਾਕੀ ਸਤਿਆਨਾਸ

ਸ਼ੁਕਰਚੱਕੀਏ ਨੇ ਤੋਰੀ ਜੋ
ਜੱਗ ਵਿੱਚ ਸਾਂਝ ਪਰੀਤੀ
ਉਹਨੂੰ ਅੱਜ ਤੱਕ ਟੱਪ ਨਾਂ ਸੱਕੀ
ਅੱਖਰੀ ਨੀਤ ਅਨੀਤੀ

•

# ਲਾਹੌਰ – ਦੋ ਬੋਲ

ਦੀਵਾ ਬਲੇ ਲਾਹੌਰ ਦੇ ਵਿੱਚ ਵੇ*
ਸਾਨੂੰ ਨੈਣਾਂ ਬਿਗਾਨਿਆਂ ਦੀ ਖਿੱਚ ਵੇ

ਤਾਰਾ ਡਿੱਗਾ ਰਾਵੀ ਦੇ ਵਿਚ ਵੇ
ਦੀਵਾ ਬਲੇ ਲਾਹੌਰ ਦੇ ਵਿਚ ਵੇ

ਰਾਵੀ ਵਾਲਿਆ ਰਾਵੀ ਨੂੰ ਪੁੱਛ ਵੇ
ਕਦੋਂ ਮੁੱਕਣੇ ਪੰਜਾਬਾਂ ਦੇ ਦੁੱਖ ਵੇ

ਚੰਨ ਮਮਟੀ ਮਮਟੀ ਡੋਲਦਾ
ਮੰਗੇ ਪੰਜ ਦਰਿਆਵਾਂ ਦੀ ਸੁਖ ਵੇ

ਮਿਟੇ ਕਹਿਰ ਹਨੇਰ ਦਾ ਜੁੱਗੜਾ
ਦੀਵਾ ਬਲੇ ਲਾਹੌਰ ਦੇ ਵਿੱਚ ਵੇ

---

*ਕਹਿੰਦੇ ਹਨ ਮੋਰਾਂ ਇਸ ਸਤਰ ਜਾਂ ਪੁਰਾਣੇ ਗੀਤ-ਬੋਲ ਨੂੰ ਬਹੁਤ ਗਾਉਂਦੀ ਹੁੰਦੀ ਸੀ। ਅਸੀਂ ਏਸ ਗੀਤ-ਮੁੱਖੜੇ ਨੂੰ ਉਪਰੋਕਤ ਬੋਲਾਂ ਵਿੱਚ ਉਤਾਰਿਆ ਹੈ।

•

## ਮੋਰਾਂ ਦਾ ਸੁਪਨਾ ਇਕ ਲੰਮਾਂ ਗੀਤ ਇਕ ਬੈਲੇਡ

ਪੁਲ ਰਾਵੀ ਤੇ ਝੁੱਲੀਆਂ ਪੌਣਾਂ
ਝੁੱਲੀਆਂ ਪਲਕਾਂ ਭਾਰ
ਤੂੰ ਉਚੇ ਦਰਬਾਰ ਦਾ ਚਾਕਰ
ਮੈਂ ਬਾਂਦੀ ਸਰਕਾਰ

ਹਰ ਪਲ ਤੈਨੂੰ ਵਰਜਿਆ ਸ਼ੇਰਾ
ਡੋਗਰ-ਜੱਟ ਵਪਾਰ
ਆਖ ਸ਼ਰੀਕ ਦਮਾਂ ਦੇ ਲੋਭੀ
ਗਲ ਤੇਰੇ ਦੇ ਹਾਰ

ਨਾ ਤੇਰੀ ਨਾ ਮੇਰੀ ਰਹਿਣੀ
ਇਹ ਮਿੱਟੀ ਨੂੰ ਮਾਰ
ਜਿੱਤੋਂ ਪਹਿਲਾਂ ਛੇੜ ਨਾ ਸ਼ੇਰਾ
ਪੰਜਾਬਾਂ ਦੀ ਹਾਰ

ਨੱਚ ਕੇ ਦੱਸਿਆ, ਹੱਸ ਕੇ ਦੱਸਿਆ
ਸਾਵਣ ਵਾਂਗੂੰ ਵੱਸ ਕੇ ਦੱਸਿਆ
ਛਾਤੀ ਦੇ ਵਿਚ ਕੱਸ ਕੇ ਦੱਸਿਆ
ਇਕ ਨਾ ਮੰਨੀ ਯਾਰ

ਜਿਧਰ ਵੇਖਾਂ ਜੋਬਨ ਚੜ੍ਹਿਆ
ਓਥੇ ਮੰਨੀ ਹਾਰ
ਹਲ ਸੋਨੇ ਦਾ ਧਰ ਕੇ ਵਾਹਿਆ
ਬਾਰਾਂ ਵਿਚ ਗੁਲਜ਼ਾਰ

ਉਹ ਮੁੜਿਆ ਧਨ ਜੋਬਨ ਮੁੜਿਆ
ਚੰਬੇ ਮੁੜੀ ਬਹਾਰ
ਪਰ ਬੇਲੇ ਤੋਂ ਤੂੰ ਨਹੀਂ ਮੁੜਿਆ
ਲੈਲੀ ਦਾ ਅਸਵਾਰ

ਮੈਂ ਤੁਰਕਾਨੀ ਮੈਂ ਅਫ਼ਗ਼ਾਨੀ
ਮੈਂ ਤੇਰੀ ਦਿਲਦਾਰ
ਮਨ ਦੇ ਬਾਗੀਂ ਕੇਸਰ ਖਿੜਿਆ
ਜਾਂ ਖਿੜਿਆ ਕਚਨਾਰ

ਮੈਂ ਸ਼ਾਹਜੋਰ ਜਵਾਨੀ ਤੇਰੀ
ਗੋਰੀ ਨਾਰ ਛਨਾਰ
ਸੁਪਨੇ ਵਿਚ ਮੈਂ ਵੇਖੀ ਸ਼ੇਰਾ
ਬੱਚੇ ਖਾਣੀ ਨਾਰ

ਤੇਰੇ ਨਾਲ ਉਜੜ ਗਈ ਮਾਹੀਆ
ਸ਼ਾਲਾਮਾਰ ਬਹਾਰ
ਤੇਰਾ ਬਾਂਕਾ ਘੋੜਾ ਨੱਚੇ
ਸਿੰਧ ਵਾਦੀ ਵਿਚਕਾਰ

ਧਾਅ ਖੁੱਲ੍ਹਿਆ ਮਹਿਲਾਂ ਦਾ ਬੂਹਾ
ਕਾਤਲ ਘੋੜ ਸਵਾਰ
ਹੱਥੀਂ ਨੇਜੇ ਛੁਰੇ ਕਟਾਰਾਂ
ਕਰਦੇ ਮਾਰੋ ਮਾਰ

ਪੁੱਤ ਪੋਤੇ ਤੇਰੇ ਕੋਹ-ਕੋਹ ਮਾਰੇ
ਆਪਣਿਆਂ ਦੀ ਧਾੜ
ਜੋ ਧਰਤੀ ਦੀ ਪੱਤ ਲੁੱਟ ਲੈਂਦੇ
ਬਣਦੇ ਮਿੱਤਰ ਮਾਰ

ਨੀਚ ਕਮੀਨ ਉਨ੍ਹਾਂ ਤੋਂ ਉੱਚੇ
ਉੱਚੀ ਮੋਰਾਂ ਨਾਰ
ਮੈਂ ਨਾਂ ਤੱਕਾਂ ਮੇਰਿਆ ਰੱਬਾ
ਪੰਜ ਦਰਿਆ ਦੀ ਹਾਰ

ਮੈਂ ਅੱਥਰੀ ਤੇਰੀ ਲੈਲੀ ਘੋੜੀ
ਤੂੰ ਬਾਂਕਾ ਅਸਵਾਰ
ਤੂੰ ਪੁੰਨਿਆ ਦਾ ਸਾਗਰ ਚੜ੍ਹਿਆ
ਮੈਂ ਚੰਨੇ ਦੀ ਨਾਰ

ਹੋਂਟ ਮੇਰੇ ਤੇ ਤੇਰੀਆਂ ਤਲੀਆਂ
ਫੁੱਲ ਕਲੀਆਂ ਦਾ ਭਾਰ

ਜੁੱਗ ਮੋਇਆਂ ਦੁੱਖਾਂ ਦੇ ਭੁੱਲੇ
ਚੁੰਮ ਤੇਰੀ ਤਲਵਾਰ
ਮੇਰਾ ਮਾਣ ਨਾ ਕਰਿਆ ਕਰ ਵੇ
ਰੁੱਸ ਜਾਂਦਾ ਦਰਬਾਰ

ਗੁੰਬਦ ਸ਼ੀਸ਼ ਮਹਿਲ ਤੋਂ ਰੁੱਸੀ
ਬਾਂਕੀ ਰਾਵੀ ਨਾਰ
ਮੈਂ ਠੁਮਰੀ, ਮੈਂ ਮਹਿਫ਼ਲ ਤੇਰੀ
ਝਾਂਜਰ ਦੀ ਛਣਕਾਰ

ਪਿਛਲੇ ਜਨਮ 'ਚ ਤੇਰੀਆਂ ਤਾਂਘਾਂ
ਮੋਰਾਂ ਨੂੰ ਦਰਕਾਰ
ਤੇਰੀ ਸੇਜ ਗੁਨਾਹੋਂ ਉੱਚੀ
ਨਿਘਰਿਆਂ ਦੇ ਯਾਰ

ਚੰਨ ਚੜ੍ਹਿਆ ਚੀੜ੍ਹਾਂ ਦੇ ਓਹਲੇ
ਵੇਖਣ ਭਰੇ ਬਜ਼ਾਰ
ਕੋਹ ਕਾਫਾਂ ਦੀਆਂ ਪਰੀਆਂ ਵਾਰੀ
ਬੇ ਯਾਰਾਂ ਦੇ ਯਾਰ

ਮੇਰੇ ਰਾਹ ਕਦੇ ਨਹੀਂ ਪੈਣਾ
ਮਤ-ਪਤ ਹੋਂਦੀ ਖੁਆਰ
ਨਾ ਮਜ਼ਬੂਰੀ ਨਾਹਿ ਮਲੰਗੀ
ਪੈਣੀ ਰੱਬ ਦੀ ਮਾਰ

ਹੁਨਰ-ਗੁਨਾਹ ਦੀ ਮੰਨੀਏ ਯਾਰੀ
ਇਹ ਲੀਲ੍ਹਾ, ਨਹੀਂ ਸਾਰ
ਜੀਹਦੇ ਹੋਈਏ ਉਹਦੇ ਰਹੀਏ
ਕੀ ਮਿਹਣਾ ਦਿਲਦਾਰ

ਉਤੋਂ ਟਹਿਲ ਬਾਦਸ਼ਾਹ ਤੇਰੀ
ਵਿਚੋਂ ਭਾਨੀਮਾਰ
ਜੀਣਾ ਥੀਣਾ ਸ਼ੌਂਕ ਕਦੀਮੀ
ਉਹੀਓ ਮੈਨੂੰ ਮਾਰ

ਜਾਗਦੇ ਰਹਿਣਾ, ਭੋਲਿਆ ਚੰਨਾ
ਇਹ ਚੰਘੜਾਂ ਦੀ ਧਾੜ
ਰਾਗ-ਪਹਾੜੀ ਤੈਨੂੰ ਮੋਹੇ
ਨੈਣ-ਬਦਾਮੀ ਯਾਰ

ਜੰਮੂਏ ਦੀ ਜੂਹ ਹੁਸਨ ਵਿਕੇਂਦਾ
ਗਲੀ ਗਲੀ ਬਾਜ਼ਾਰ
ਬਾਂਕੀ ਨਦੀ ਝਨਾਂ ਪਈ ਵਗਦੀ
ਪਰਬਤ ਦੇ ਵਿਚਕਾਰ

ਡੋਗਰਿਆਂ ਦਾ ਲਹੂ ਸਲੋਨਾ
ਮੇਰੇ ਐਬ ਹਜ਼ਾਰ
ਹੇ ਰਾਜਨ ! ਮੈਂ ਵਰਜਾਂ ਤੈਨੂੰ
ਨਾ ਆਸ਼ਕ ਨਾ ਯਾਰ

ਮੁਲਕ ਮਾਹੀ ਦਾ ਵੱਸੇ ਰੱਸੇ
ਉਜੜੇ ਮੋਰਾਂ ਨਾਰ
ਨੀਤੀ, ਝੂਠ, ਗੁਨਾਹ ਦਾ ਜੂਆ
ਨਾਗਣ ਬੱਚੇ ਮਾਰ

ਮੌਤ ਸਿਆਸਤ ਰਿਸ਼ਤੇ ਗੂੜ੍ਹੇ
ਇਕ ਦੂਜੇ ਦੇ ਯਾਰ
ਬਿਨ ਸਾਹਾਂ ਤੋਂ ਸਾਹ ਪੀ ਜਾਂਦੇ
ਬਿਨ ਬੁੱਲ੍ਹਾਂ ਤੋਂ ਸਾਰ

ਤੇਜ ਧਾਰ ਤੇ ਨੱਚਣਾ ਪੈਂਦਾ
ਬਿਨ ਅੱਥਰੂ ਬਿਨ ਯਾਰ
ਸਾਊਆ ਏਨੇ ਨੀਵੇਂ ਕੀਤੇ
ਧਰਮ, ਸਿਆਸਤ, ਨਾਰ

ਕੀ ਬਚਿਆ ਪੰਜਾਬ ਦੇ ਵਿਹੜੇ
ਕੁਝ ਹੰਝੂ, ਕੁਝ ਖਾਰ
ਮੁਲਕ ਮਾਹੀ ਦਾ ਵੱਸੇ ਰੱਸੇ
ਵੱਸੇ ਧੌਲਾਧਾਰ

ਤੇਰੀ ਰੱਤ ਨੂੰ, ਤੇਰਿਆਂ ਕੋਲੋਂ
ਪੈਣੀ ਡਾਢੀ ਮਾਰ
ਸੋਹਣੀ ਧਰਤੀ ਅੱਲ੍ਹਾ ਰੱਖੇ
ਜੋਬਨ ਤਖ਼ਤ ਹਜ਼ਾਰ

ਹੀਰੇ ਪੰਨੇ ਛਤਰ ਝੁਲੇਂਦੇ
ਰਾਜਨ ਦੇ ਦਰਬਾਰ
ਮਹਾਂਬਲੀ ਰਣਜੀਤ ਛਬੀਲਾ
ਮੈਂ ਦਾਸੀ ਸਰਕਾਰ

ਲੋਕਾਂ ਨੂੰ ਹੱਕ ਸੱਚ ਦਾ ਮਾਣਾ
ਮੋਰਾਂ ਨੂੰ ਰੱਬ ਦੀ ਮਾਰ
ਮੈਂ ਤੇਰੇ ਬਾਗ਼ਾਂ ਦੀ ਗਣਿਕਾ
ਨੱਚੀ ਮੋਰਾਂ ਹਾਰ

ਕੱਚੀਆਂ ਕੰਧਾਂ, ਕੱਚੀਆਂ ਰੂਹਾਂ
ਵਿਚ ਤੇਰਾ ਦਰਬਾਰ
ਲੋਕੋ ਸ਼ਾਹੀ ਉਡਦੀ ਵੇਖੀ
ਜਿਉਂ ਧਰਤੀ ਤੇ ਛਾਰ

ਯਾਰ ਮਾਰ ਦਾ ਕਾਹਦਾ ਮਿਹਣਾ
ਧਰਤੀ ਨੂੰ ਫਿਟਕਾਰ
ਤੂੰ ਸੈਂ ਮਹਾਬਲੀ ਧਰਤੀ ਦਾ
ਮੈਂ ਰਾਹ ਭੁੱਲੀ ਨਾਰ

ਮੈਂ ਸਾਂ ਰੂਪ ਗੁਨਾਹਾਂ ਭਰਿਆ
ਝਾਂਜਰ ਦੀ ਛਣਕਾਰ
ਬੜੇ ਬੜੇ ਰਾਜੇ ਅਰ ਸੂਫ਼ੀ
ਮੇਰੇ ਖ਼ਿਦਮਤਗਾਰ

ਅੱਥਰੀ ਅਹਿਲ ਜਵਾਨੀ
ਮੈਨੂੰ ਪੂਜੇ ਪਲਕਾਂ ਭਾਰ
ਮੈਂ ਡਰਦੀ ਹਾਂ ਸੱਚੇ ਰੱਬ ਤੋਂ
ਜੋ ਸੱਚੀ ਸਰਕਾਰ

ਦਿਲ ਵਿਚ ਖੌਫ਼, ਬਾਬੇ ਕੇ, ਦਰ ਦਾ
ਸੱਚ ਤੋਂ ਸੁੱਚੀ ਵਾਰ
ਮੈਂ ਸੁਣਿਆ ਪੰਜਾਬ ਪੁਰਾਣਾ
ਉਜੜੇ ਸੀ ਘਰ ਬਾਰ

ਮੇਰੇ ਵੱਡਿਆਂ, ਸਭ ਕੁਝ ਦੱਸਿਆ
ਵੱਡੇ ਸਿੰਘ, ਉਦਾਰ
ਫ਼ਨੀਅਰ ਪਾਲੇ, ਆਪਣੇ ਆਪਣੇ
ਜੋ ਧਰਤੀ ਦਾ ਭਾਰ

ਸੁਣਿਆ ਕੋਲ ਫ਼ਿਰੰਗੀ ਬਹਿ ਕੇ
ਤੈਨੂੰ ਛੱਡਣਾ ਮਾਰ
ਰਣਵਾਸਾਂ ਵਿਚ ਗੱਲਾਂ ਧੁੰਮੀਆਂ
ਛਾ ਜਾਣੇ ਗੱਦਾਰ

ਚੰਨ ਸੂਰਜ ਪੰਜਾਬ ਦੀ ਮਿੱਟੀ
ਮੈਂ ਇਸ ਦੀ ਦਿਲਦਾਰ
ਹੁਣ ਵੀ ਮੋੜ ਸਮੇਂ ਦੀਆਂ ਵਾਗਾਂ
ਹੇ ਮੇਰੀ ਸਰਕਾਰ

ਮੈਂ ਸ਼ੇਰੇ ਪੰਜਾਬ ਦੀ ਬਾਂਦੀ
ਬੈਠੀ ਬਾਜ਼ੀ ਹਾਰ
ਗੰਗਾ ਸਿੰਧ ਦੇ ਰਸੀਏ
ਮੇਰੇ ਸਰਗਮ ਤੋਂ ਬਲਿਹਾਰ

ਨਾ ਹੋਇਆ ਨਾ ਹੋਣਾ
ਮੇਰੀਆਂ ਸੱਧਰਾਂ ਦਾ ਸ਼ਿੰਗਾਰ
ਮੈਂ ਤਾਂ ਜੋ ਹਾਂ ਸੋਈ ਦਿੱਸਾਂ
ਮੈਂ ਨਾ ਠੱਗ ਮੱਕਾਰ

ਮੈਂ ਸੋਹਣੀ, ਮੈਂ ਕਚਗਰ ਨਾਰੀ
ਪਰ ਮੈਂ ਨਹੀਂ ਗ਼ੱਦਾਰ
ਜਾਗ ਵੇ ਮਾਹੀਆ ਸੁੱਤਿਆ ਸ਼ੇਰਾ
ਲੈ ਮੋਰਾਂ ਦੀ ਸਾਰ

ਸ਼ਰਮ ਧਰਮ ਦੀਆਂ ਧਮਕਾਂ ਪਈਆਂ
ਕਾਬਲ ਤੇ ਕੰਧਾਰ
ਟਿਕੀ ਸਵੇਰ ਤੇ ਟਿੱਕੀਆਂ ਸ਼ਾਮਾਂ
ਬੰਨੇ-ਚੰਨੇ ਸ਼ਾਹਰ

ਸਿੰਧ ਸਾਗਰ ਤੇ ਜਮਨਾ ਗਾਵੇ
ਪੰਜ ਦਰਿਆ ਦੀ ਵਾਰ
ਅੰਨ, ਧਨ, ਸੋਨਾ, ਦਾਰੂ ਦਮਕੇ
ਸਿੰਧ ਵਾਦੀ ਵਿਚਕਾਰ

ਰੇਸ਼ਮ ਵਰੀਆਂ ਝੁੰਮਰ ਮਾਹੀਆ
ਲਟਕਣ ਮੋਤੀ ਹਾਰ
ਧਨ ਜੋਬਨ ਦੀਆਂ ਪੀਘਾਂ ਚੜ੍ਹੀਆਂ
ਧੁਰ ਅੰਬਰ ਵਿਚਕਾਰ

ਦੇਸ ਪੰਜਾਬ ਤਾਜ ਚੜ੍ਹਦੇ ਦਾ
ਜੁਗਾਂ ਦਾ ਸਰਦਾਰ
ਸ਼ਾਲਾ ਦੂਰ ਬਲਾਵਾਂ ਹੋਵਣ
ਗਾਵੇ ਮੋਰਾਂ ਨਾਰ

ਮੈਂ ਵੀ ਗਲੀ ਯਾਰ ਦੀ ਜਾਣਾ
ਖੇਡ੍ਹਣ ਦੇ ਦਿਨ ਚਾਰ
ਭਾਵੇਂ ਮੇਰਾ ਗੀਤ ਪੁਰਾਣਾ
ਚੰਬੇ ਦੀ ਮਹਿਕਾਰ

ਮੈਂ ਰੋਈ ਫੁੱਲ ਪੰਛੀ ਰੋਏ
ਉਜੜ ਗਏ ਘਰ ਬਾਰ
ਇਹ ਕੀ ਹੋਇਆ
ਹਿਰਨੀ ਰੋਵੇ
ਬੇਲੇ ਦੇ ਵਿਚਕਾਰ
ਐਵੇਂ ਦੋ ਹੰਝੂ ਭਰ ਆਏ
ਮੋਰਾਂ ਦੀ ਕਿਲਕਾਰ

ਪੁਲ ਰਾਵੀ ਤੇ ਝੁੱਲੀਆਂ ਪੌਣਾ
ਝੁੱਲੀਆਂ ਪਲਕਾਂ ਭਾਰ
ਤੂੰ ਉੱਚੇ ਦਰਬਾਰ ਦਾ ਚਾਕਰ
ਮੈਂ ਬਾਂਦੀ ਸਰਕਾਰ !
ਐਵੇਂ ਦੋ ਹੰਝੂ ਭਰ ਆਏ
ਮੋਰਾਂ ਦੀ ਕਿਲਕਾਰ

•

## ਸਰਜੂ ਨਦੀ ਕਿਨਾਰੇ

ਸਰਜੂ ਕੰਢੇ ਦੀਵੇ ਬਲਦੇ
ਬੇੜੀਓਂ ਉਤਰੇ ਰਾਮ ਜੀ
ਸਹਿਜ ਵੇਦਨਾਂ ਉੱਚਾ ਮਸਤਕ
ਤਾਰਿਆਂ ਭਿੰਨੀ ਸ਼ਾਮ ਜੀ

ਏਨੇ ਦੁੱਖੜੇ ਤੇਰੇ ਰਾਜਨ
ਮਾਸੂਮਾਂ ਦੇ ਰਾਮ ਜੀ
ਜੇ ਤੇਰੇ ਵੱਲ ਨੈਣ-ਉਚਾਰਾਂ
ਛਿੜਦੇ ਸੁਰ ਗੁਮਨਾਮ ਜੀ

ਭਿੰਨੀ ਭੂਹਰ ਪੱਲੇ ਰਹਿ ਜਾਂਦੀ
ਬੱਦਲ ਵਰ੍ਹੇ ਅਨਾਮ ਜੀ
ਉਚੇ ਧਉਲਰ ਦੀਵੇ ਬੁੱਝ ਗਏ
ਸੁੰਨ ਰਾਮ ਦੇ ਗ੍ਰਾਮ ਜੀ

ਇਹ ਬਣਵਾਸ ਕਦੋਂ ਮੁਕੇਗਾ
ਪੁੱਛਣ ਲੋਕ ਹਵਾਵਾਂ ਨੂੰ
ਨੰਗੇ ਪਿੰਡੇ ਸੋਹਣੇ ਚੰਨ ਨੇ
ਮਾਰੀ ਹਾਕ ਬਲਾਵਾਂ ਨੂੰ

ਲਛਮਣ ਵੀਰ ਰਤਾ ਕੁ ਭਾਵੁਕ
ਯਾਦ ਕਰੇਂਦਾ ਮਾਵਾਂ ਨੂੰ
ਉਹਦੀ ਰੂਹ ਧਰਤੀ ਦਾ ਧੀਰਜ
ਜਰੇ ਸਰਾਪੀਆਂ ਛਾਵਾਂ ਨੂੰ

ਪਰਬਤ, ਘਾਟ, ਪਿਆਸੇ ਦਿਲ ਨੂੰ
ਜਦੋਂ ਸੁਨਹਿਰੀ ਗੀਤ ਮਿਲੇ
ਉਡਣੇ-ਪੰਛੀਆਂ ਦੇ ਚੰਬੇ ਨੂੰ
ਅਗਮ-ਨਿਗਮ ਦੇ ਗੀਤ ਮਿਲੇ

ਫੁੱਲਾਂ ਨੂੰ ਮਹਿਰਮ ਨਾਂ ਜੁੜਦੇ
ਕੀ ਕਵਿਤਾ ਦਾ ਤਾਣ ਕੁੜੇ
ਜਦੋਂ ਕਾਲ ਦੇ ਤਾੜੇ ਵਜਦੇ
ਮਿਟਦੇ ਨਾਮ-ਨਿਸ਼ਾਨ ਕੁੜੇ

ਸੀਤਾ-ਮਨ, ਗੀਤਾ ਦੀ ਪੋਥੀ
ਪਾਵਨ ਕਰੇ ਹਵਾਵਾਂ ਨੂੰ
ਰਾਮ ਲਿਖੇ ਤਾਂ ਮੇਟੇ ਕਿਹੜਾ
ਪੁੱਛੋ ਰੋਂਦੀਆਂ ਮਾਵਾਂ ਨੂੰ

ਉੱਡੀ ਡਾਰ ਅਟਾਰੀਆਂ ਉਹਲੇ
ਰੱਖਾਂ ਕਿਵੇਂ ਪਛਾਣ ਕੁੜੇ
ਦਸ਼ਰਥ ਨਾਂ ਝੱਲ ਸਕੇ ਵਿਛੋੜਾ
ਛੱਡੇ ਨੈਣ-ਪਰਾਣ ਕੁੜੇ

ਅੜਿਆ ਕੀ ਦੁੱਖਾਂ ਦੇ ਝੁਰਮਟ
ਨਾ ਚੁੱਪ ਨਾ ਫ਼ਰਿਆਦ ਕੁੜੇ
ਕਹਿੰਦੇ ਦਰਦ ਅਸੀਸ ਵੀ ਬਣਦੈ
ਧੋਵੇ ਚੰਨ ਦਾ ਦਾਗ਼ ਕੁੜੇ

ਸਾਬਤ ਕੱਚ, ਕੋਮਲ ਹੁੰਦਾ ਹੈ
ਟੁੱਟਿਆਂ, ਲਹੂ ਲੁਹਾਣ ਕੁੜੇ
ਬੱਝਿਆ ਘਰ ਜਦ ਵੀ ਟੁੱਟਦਾ ਹੈ
ਚੰਨ ਤਾਰੇ ਕੁਰਲਾਣ ਕੁੜੇ

ਜਿੰਨ੍ਹੀ ਰਾਹੀਂ ਰਾਮ ਗਏ
ਉਹ ਗਿਆਨ ਵੀ ਸੀ ਅਨੁਰਾਗ ਵੀ ਸੀ
ਆਪਣੇ ਵਤਨਾਂ ਦੀ ਰੂਹ ਅੰਦਰ
ਖਿੜਿਆ ਸਗਲਾ ਭਾਗ ਵੀ ਸੀ

ਤੈਨੂੰ ਵੇਖ ਮੁਹੱਬਤਾਂ ਮੁੜੀਆਂ
ਪੁੱਛ ਲੈ ਦਿਲ ਦਰਿਆਵਾਂ ਨੂੰ
ਫੱਟ ਅੱਲੇ ਬਣਵਾਸ ਤੇਰੇ ਦੇ
ਭੁੱਲਦੇ ਨਹੀਂ ਗਿਰਾਵਾਂ ਨੂੰ

ਪੂਰਬ ਤੇ ਪੱਛਮ ਵਿੱਚ ਤੇਰੀ
ਚੁੱਪ ਦਾ ਇਕ ਸੰਗੀਤ ਵੀ ਹੈ
ਥੋਹੜਾ ਦਰਦ ਕਮਾਈ ਮੇਰੀ
ਹੋਟਾਂ ਤੇ ਕੋਈ ਗੀਤ ਵੀ ਹੈ

•

## ਅਰਬੀ ਥਲਾਂ ਦਿਆਂ ਢੋਲਿਆ

ਕੇਡਾ ਤਮਾਸ਼ਾ ਇਸ਼ਕ ਦਾ
ਹੱਥ ਦੀ ਤਲੀ ਤੇ ਹੋ ਲਿਆ

ਲੇਖੇ ਹਿਜਰ ਦੀ ਸ਼ਾਮ ਦੇ
ਜੋ ਲਾ ਗਿਆ ਸੋ ਹੋ ਲਿਆ

ਚੌਦਾਂ ਤਬਕ, ਇਕ ਰੌਸ਼ਨੀ
ਨ੍ਹੇਰੇ ਦਾ ਕਿੰਗਰਾ ਡੋਲਿਆ

ਨਾਂ ਕਹਿ ਸਕੀ ਸਭ ਭੁੱਲਿਆ
ਕੋਈ ਸੁਖਨ ਗੂੜ੍ਹਾ ਬੋਲਿਆ

ਬੇਨੂਰ ਸੀਨਾਂ ਚੀਰ ਵੇ
ਅਰਬੀ ਥਲਾਂ ਦਿਆਂ ਢੋਲਿਆ

ਕੰਬਲੀ ਤੇਰੀ ਨੂੰ ਯਾਦ ਕਰ
ਕਬਰਾਂ 'ਚ ਚਾਨਣ ਹੋ ਲਿਆ

ਪੱਕੀਆਂ ਖਜੂਰਾਂ ਸੁੱਚੀਆਂ
ਆਲਮ ਨੇ ਮਾਖਿਓਂ ਚੋ ਲਿਆ

ਭਾਲਣ ਤੁਰੇ ਜੋ ਗ਼ੈਬ ਨੂੰ
ਉਹਨਾਂ ਵੀ ਬੂਹਾ ਢੋ ਲਿਆ

ਇਕ ਰੱਬ ਕੋਮਲ ਦੀਦ ਸੀ
ਵਿਛੜੇ ਸੁਰਾਂ ਦਿਆ ਢੋਲਿਆ

ਨੰਗਾ ਬਦਨ ਗੋਰਾ ਬਦਨ
ਚਾਨਣ ਤੋਂ ਰੁਸਵਾ ਹੋ ਲਿਆ

ਚਸ਼ਮੇਂ ਚਿਨਾਰਾਂ ਬਜਰਿਆਂ ਨੇ
ਵੈਣ ਡੂੰਘਾ ਛੂਹ ਲਿਆ

ਕੋਈ ਅੱਗ ਚਮਕੀ ਜੰਗਲੀਂ
ਤਖ਼ਤਾ ਵਫ਼ਾ ਦਾ ਡੋਲਿਆ

ਹੇ ਜਾਨ ਤੇਰੇ ਵੈਣ ਨੇ
ਕੋਈ ਜ਼ਖਮ ਡਾਢਾ ਛੋਹ ਲਿਆ

ਬੁਲਬੁਲ ਨੂੰ ਨਾਗਾਂ ਡੱਸਿਆ
ਹਰਨਾਂ ਨੇ ਚੁਗਣਾ ਛੋੜਿਆ

ਨਗ਼ਮਾਗਰੀ ਦਾ ਨੀਰ ਪੀ
ਵਣ-ਤ੍ਰਿਣ ਨੇ ਪਾਸਾ ਮੋੜਿਆ

ਉਹ ਰੱਬ ਸੁਹਣਾ ਸੁਖਨ ਦਾ
ਸੁਣਿਆ ਹੈ ਤੇਰਾ ਹੋ ਲਿਆ

ਲੱਖਾਂ ਗੁਨਾਹੀਂ ਬਖ਼ਸ਼ ਲਏ
ਸਾਨੂੰ ਵੀ ਬਖ਼ਸ਼ੀਂ ਢੋਲਿਆ

ਦਿਲ ਟੁੱਟਿਆ ਹੁਣ ਹੈ ਨਹੀਂ
ਜੋ ਹੈ ਨਹੀਂ ਸੋ ਹੋ ਲਿਆ

ਜੋ ਮੋਹ ਲਿਆ ਸੋ ਤੜਪਦਾ
ਜੋ ਤੜਪਦਾ ਸੋ ਹੋ ਲਿਆ

ਐ ਦਿਲ ! ਫ਼ਨਾਹ ਦਿਆ ਗ਼ਾਜ਼ੀਆ
ਦੁੱਖ ਅੱਖਰਾਂ ਨੇ ਰੋਲਿਆ

ਕਿਥੇ ਉਨ੍ਹਾਂ ਦੀ ਸ਼ਾਨ ਹੈ
ਕਿਥੇ ਤੂੰ ਬੰਦਿਆਂ ਭੋਲਿਆ

ਮੈਂ ਨੰਗਿਆਂ ਚੰਨਾਂ ਦੀ ਛਾਂ
ਧਰਤੀ ਦੇ ਪੱਤਣ ਮੌਲਿਆ

ਇਕ ਰਾਜ਼ ਸੀ ਮਾਸੂਮ ਦਾ
ਬਹਿ ਪੱਤਣਾਂ ਤੇ ਧੋ ਲਿਆ

ਨਗ਼ਮੇ ਦਾ ਸਾਲੂ ਪਾਟਿਆ
ਜੋਬਨ ਦਾ ਕਿੰਗਰਾ ਡੋਲਿਆ

ਐਵੇਂ ਨਹੀਂ ਦਸਤਕ ਤੇਰੀ
ਸੰਸਾਰ ਦਾ ਦਿਲ ਹੌਲਿਆ

ਕੇਡਾ ਤਮਾਸ਼ਾ ਇਸ਼ਕ ਦਾ
ਹੱਥ ਦੀ ਤਲੀ ਤੇ ਹੋਲਿਆ

ਮੈਂ ਜਾਣਦੀ ਤ੍ਰੈ ਕਾਲ ਨੂੰ
ਕਦ ਗੀਤ ਨੇ ਦਰ ਖੋਹਲਿਆ

ਲੱਖਾਂ ਗੁਨਾਹੀਂ ਬਖ਼ਸ਼ ਲਏ
ਸਾਨੂੰ ਵੀ ਬਖ਼ਸ਼ੀਂ ਢੋਲਿਆ

•

## ਤੇਰੇ ਬਿਨਾ ਇਸ ਦੇਸ ਵਿਚ

ਤੇਰੇ ਬਿਨਾਂ ਇਸ ਦੇਸ ਵਿਚ ਇਕ ਮੈਂ ਇਕੱਲਾ ਹੀ ਸਹੀ
ਤੇਰੇ ਬਿਨਾ ਹੁਣ ਰੱਬ ਤੇ ਖੰਜਰ ਦਾ ਰਿਸ਼ਤਾ
ਕੌਣ ਤੋੜੇਗਾ
ਮਾਹੀ ਬਿਨਾਂ ਇਸ ਕਾਲ ਵਿਚ
ਵਿਛੜੀਆਂ ਰੂਹਾਂ ਦੇ ਮੇਲੇ ਕੌਣ ਮੋੜੇਗਾ

ਹੰਝੂਆਂ 'ਚ ਡੁੱਬੀ ਧਰਤ 'ਤੇ ਤੁਰਨਾ ਮੁਹਾਲ
ਏਡੀ ਇਕੱਲ ਕਿ ਰੁੱਸ ਗਈ
ਦਿਲ ਵਾਲਿਆ ਰਸੀਆ ਬਹਾਰ
ਪਿਛੇ ਨਾ ਮੁੜ ਕੇ ਵੇਖਿਆ
ਮਿਧਿਆ ਸਮੇਂ ਨੇ ਲਾਲਾਜ਼ਾਰ

ਲੱਖਾਂ ਨੇ ਮੇਰੇ ਨਾਲ ਦੇ
ਟੁੱਟਿਆਂ ਦਿਲਾਂ ਨੂੰ ਭਾਲਦੇ
ਬੁੱਤ ਤੋੜੇ ਥਾਂ ਥਾਂ ਭਾਲਿਆ
ਬਹੁੜੀ ਵੇ ਨੀਲੇ ਵਾਲਿਆ
ਕਿੰਨਾ ਸਮਾਂ
ਕਿੰਨਾ ਸੁਖਨ
ਕਿੰਨਾ ਕੁ ਸੁੰਨ
ਕਿੰਨਾ ਜਸ਼ਨ
ਕਿੰਨੇ ਕੁ ਸਾਹ, ਸ਼ਾਹਾਂ ਦੇ ਸ਼ਾਹ
ਏਨਾ ਨਾ ਰੁੱਸ
ਦੱਸਦਾ ਵੀ ਜਾਹ

ਕਿੰਨਾ ਕੁ ਮੈਂ ਰੋਸ਼ਨ ਜ਼ਮੀਰ
ਕਿਥੇ ਕੁ ਹੈ ਮੇਰੀ ਅਖੀਰ
ਚੰਨ ਈਦ ਤੇਰੀ ਨਜ਼ਰ ਵੇ

ਤੈਨੂੰ ਹੀ ਹਰ ਥਾਂ ਭਾਲਿਆ
ਤੇਰਾ ਸਾਂ ਡਾਚੀ ਵਾਲਿਆ
ਤੇਰਾ ਹਰਫ਼ ਤੇਰਾ ਨਿਸ਼ਾਂ
ਹੱਕ ਅੱਲ੍ਹਾ ਅੱਲ੍ਹਾ ਤੇਰਾ ਨਾਂ

ਹੇ ਬਾਦਸ਼ਾਹ ਦਰਵੇਸ਼
ਆਦੇਸ ਜੀ ਆਦੇਸ
ਤੂੰ ਸ਼ਗਨ ਭਿੰਨਾਂ ਦੇਸ
ਪ੍ਰਭਾਤ ਤੇਰਾ ਵੇਸ
ਮੇਰੇ ਪਾਤਸ਼ਾਹ ਦਰਵੇਸ਼
ਆਦੇਸ ਜੀ ਆਦੇਸ

•

## ਲੱਖ ਗੁਨਾਹੀ ਸਾਂ

ਹੁਣ ਮਿਲੇ ਮਹਾਂ-ਕਾਲ ਨੂੰ
ਅੱਲ੍ਹਾ ਸੀ ਤੂੰ ਸੁਬਹਾਨ ਸੀ

ਐਸਾ ਨਿਖੱਤਾ ਕਾਲ ਕਿ
ਹੱਥਾਂ ਚੋਂ ਚਾਨਣ ਖੋਹ ਲਿਆ

ਦਸ਼ਮੇਸ਼ ਮੇਰੇ ਐਬ ਦਾ
ਦਰਗਾਹੀਂ ਜ਼ਾਮਨ ਹੋ ਗਿਆ

ਲੱਖਾਂ ਕਰੋੜਾਂ ਨਗ਼ਮਿਆਂ ਚੋਂ
ਸਾਬਰੀ ਬਰਸੇ ਕਮਾਲ

ਆਦਿ, ਮੱਧ ਤੇ ਅੰਤ ਦੀ
ਤਕਦੀਰ ਨੇ ਹੋਣਾ ਬਹਾਲ

ਜਾਗ ਨਿਰਮੋਹਿਆਂ ਦੀ ਧਿਰ
ਰੁੱਠਿਆਂ ਦੇ ਮਹਿਰਮ ਜਾਗ ਜਾਗ

ਰਾਜ ਤੇਰਾ ਤਾਜ ਤੇਰਾ
ਤੇਰਾ ਜੁਗ ਜਲਵਾ ਸੁਹਾਗ

ਸੁੱਤਾ ਸਾਂ ਮੈਂ, ਭੁੱਲਿਆ ਸਾਂ ਮੈਂ
ਬੇਸੁਰੇ ਸ਼ਾਹੀ ਦੇ ਤਾਜ

ਚੀਰ ਨਗ਼ਮਾ ਵੇਖਿਆ
ਕੁੱਲ ਪਰਬਤਾਂ ਨੇ ਚਿੱਟਾ ਬਾਜ਼

ਜੁੱਗਾਂ ਦੇ ਨਿਰਬਾਣ ਤੇ
ਤੇਰੀ ਮੁਹੱਬਤ ਮਿਹਰਬਾਨ

ਕਲਮਾ ਸੁਹਾਵੀ ਸਹਿਰ ਦਾ
ਤੂੰ ਰਹਿਮ ਦੀ ਕਾਮਲ ਪਛਾਣ

ਕੌਣ ਜਾਣੇ ਮੈਂ ਵੀ ਮੰਗਾਂ
ਤੇਰਿਆਂ ਰਾਹਾਂ ਦੀ ਧੂੜ

ਕੁਲ ਇਰਫ਼ਾਨਾਂ ਦੀ ਮੰਜ਼ਿਲ
ਕਲਗੀਧਰ ਤੇਰਾ ਹਜ਼ੂਰ

ਲੱਖ ਗੁਨਾਹੀ ਸਾਂ
ਤੇਰੇ ਹੁੰਦੇ ਸਾਂ ਸੱਚੇ ਪਾਤਸ਼ਾਹ

ਹੇ ਮੁਹੱਬਤ ਨੀਲੇ ਵਾਲੇ ਦੇ
ਜ਼ਫ਼ਰਨਾਮੇ ਦੀ ਖ਼ੈਰ !

ਮੌਤ ਦੇ ਤੇ ਜ਼ਿੰਦਗੀ ਦੇ
ਭੇਤ ਤੇ ਚਮਕੇ ਦੁਪਹਿਰ

ਹੇ ਮੀਰੇ ਕਾਰਵਾਂ, ਹੇ ਪਾਤਸ਼ਾਹ
ਮੈਂ ਲੱਖ ਗੁਨਾਹੀ ਸਾਂ ਤੇਰਾ ਹੁੰਦਾ ਸਾਂ ਸੱਚੇ ਪਾਤਸ਼ਾਹ

ਹੇ ਮੁਹੱਬਤ ਨੀਲੇ ਵਾਲੇ ਦੇ ਜ਼ਫ਼ਰਨਾਮੇ ਦੀ ਖ਼ੈਰ

•

# ਤੂੰ ਤਾਂ ਤਰਕ ਜ਼ਮਾਨੇ ਦੀ ਜਾਣਦਾ ਸੈਂ

ਘਾਹ ਪੱਤੀਆਂ, ਫੁੱਲਾਂ ਦੇ ਸੇਕ ਵਾਂਗੂੰ
ਖ਼ਾਕ ਬਣਾਂਗੇ, ਸਾਡੀ ਤਕਦੀਰ ਹੋਈ

ਆਖੋ ਚੇਤਨਾ ਤੇ ਭਾਵੇਂ ਸ਼ੌਂਕ ਆਖੋ
ਬੰਦਾ ਲੱਭਦਾ ਨੀਂ ਏਨੀ ਭੀੜ ਹੋਈ

ਜਲਾਂ ਥਲਾਂ ਨੂੰ ਕਾਨੀਆਂ ਕੋਹ ਛੱਡਿਆ
ਆਦਮ ਜ਼ਾਤ ਦੀ ਵੇਖੋ ਅਖ਼ੀਰ ਹੋਈ

ਮੋਈ ਮਿੱਟੀ ਸੀ ਰੌਸ਼ਨ ਚਰਾਗ਼ ਨਾਹੀਂ
ਮੇਰੇ ਵੇਂਹਦਿਆਂ ਮੇਰੀ ਅਖ਼ੀਰ ਹੋਈ

ਪੀਰ ਦਿਲਾਂ ਦੇ ਦੰਮਾਂ ਨੇ ਮੁੱਲ ਲੈ ਲਏ
ਦਿਲਾਂ ਟੁੱਟਿਆਂ ਨੂੰ ਡਾਢੀ ਪੀੜ ਹੋਈ

ਤੂੰ ਤਾਂ ਤਰਕ ਜ਼ਮਾਨੇ ਦੀ ਜਾਣਦਾ ਸੈਂ
ਤੇਰੀ ਤਰਕ ਦੀ ਕਿਵੇਂ ਅਖ਼ੀਰ ਹੋਈ

•

# ਮੇਰੇ ਸ਼ਹਿਰ ਦੀ ਦਾਸਤਾਂ ਉਰਫ਼
# ਘਰ ਨਹੀਂ ਜਾਣਾ
### ਭਾਗ I

ਰੁਤ ਬਸੰਤ ਵੱਡੀ ਮਜ਼ਬੂਰੀ, ਰਾਗ
ਚਾਂਦਨੀ ਕੇਦਾਰ ਜਾਂ ਭੈਰੋ-ਬਹਾਰ
ਨੈਣਾਂ ਦੀ ਜੂਹ ਅੰਦਰ ਉਤਰੀ
ਧਰਤੀ ਹਰੀ ਕਚੂਰ ਕਿ ਮਿੱਟੀ ਸ਼ੱਕਰ-ਭੂਰੀ
ਤਾਰੇ ਤੋਂ ਤਾਰਾ ਨੀਂ ਜਿੰਦੇ
ਕੇਡੀ ਬਿਹਬਲ ਦੂਰੀ
ਪਲਕ-ਝਲਕ ਅੱਥਰੂ ਦਾ ਕੰਢਾ ਨੂਰੀ

ਬੱਚੜੇ ਗੁੰਮਨਾਮ ਗਲੀਆਂ ਭੀੜੀਆਂ ਬੇਨਾਮ
ਝੁੱਗੀਆਂ, ਗੁੰਬਦ, ਮਹਿਲ, ਜੰਗਲ ਮਟੀਲਾ
ਕੜਕਦੇ ਪਾਲੇ ਦੇ ਸੰਗਲ
ਭੁਰਦੀਆਂ ਪੌਣਾਂ 'ਚ ਤਾਰੇ ਸਿਰ ਪਟਕਦੇ
ਖੰਡਰਾਂ ਚੌਰਸਤਿਆਂ ਦੇ ਪਾਰ ਭਟਕੇ
ਚੰਨ ਕੱਤਕ ਮਾਸ ਦਾ

ਸਿੱਲ੍ਹੀ ਪੁਰਾਣੀ ਸੜਕ ਦਾ
ਝੁਕਿਆ ਕਿਨਾਰਾ
ਦੂਰ ਤੱਕ ਟਿਕਿਆ ਬਰੇਤਾ
ਸਿਲਵਟਾਂ ਹੀ ਸਿਲਵਟਾਂ
ਕਿੱਕਰਾਂ ਦੀਆਂ ਢੱਕੀਆਂ
ਕੁਝ ਸੁੱਤੀਆਂ ਕੁਝ ਥੱਕੀਆਂ
ਕੁਝ ਅਵਾਰਾ ਗਾਈਂ ਵੱਛੇ
ਜਾਂ ਦਹਿਕਦੇ ਨਾਗ
ਰਾਤ ਦੀ ਨਿਤਰੀ ਬਰੇਤੀ ਮੇਲ੍ਹਦੇ
ਕੀ ਖੇਲ੍ਹਦੇ ?

ਏਹੋ ਜਿਹਾ ਕੁਝ ਹੋ ਗਿਆ
ਸ਼ਹਿਰ ਦਾ ਸੁਰਤਾਲ
ਡੋਲਦੇ ਮੀਨਾਰਿਆਂ ਦਰਵਾਜ਼ਿਆਂ ਦਾ ਸ਼ਹਿਰ
ਨਿਘਰਿਆ ਵੇ, ਬੇਲਿਆ ਵੇ, ਪਿਆਸਿਆ, ਅਲਬੇਲਿਆ
ਜੁੱਗਾਂ 'ਚ ਭਟਕੇ ਹਾਸਿਆ
ਰੱਤਾ ਸ਼ਮਲਾ ਤੇ ਨੈਣ ਮਮੋਲੇ
ਬੀਜੀ ਫ਼ਸਲ ਤੇ ਪੈ ਗਏ ਓਲੇ
ਕੁਝ ਪੂਰਬ ਬਚਿਆ ਕੋਲੇ, ਹੀਅਰਾ ਪਾਣੀ-ਪਾਣੀ ਡੋਲੇ
ਬਹੁਤ ਤਿੱਖਾ ਹੋ ਗਿਆ ਲਹਿੰਦੇ ਦਾ ਡੰਗ
ਕਿਥੋਂ ਭਾਲਾਂ ਏਸ਼ੀਆ ਦਾ
ਦਾਨਾ ਬੀਨਾ ਰੰਗ

ਕੁਝ ਕੂੰਟਾਂ ਅਜਨਬੀ ਖਾਮੋਸ਼
ਸੁਤ ਨੀਂਦੀਆਂ, ਅਧਵੰਜੀਆਂ ਜਾਂ ਨੀਮਹੋਸ਼
ਇਕ ਮੋਢੇ ਸੂਲੀਆਂ
ਦੂਜੇ ਕਿਤਾਬ
ਵਲੀ ਜਾਂ ਖ਼ਾਨਾਬਦੋਸ਼
ਬਾਂਵਰੇ ਮਦਹੋਸ਼
ਧਰਤ ਹੈ ਪੱਛੀ ਸਵੇਰ, ਪਾਪ ਸੀ ਮਿਲਣਾ ਅਵੇਰ
ਅੱਗ ਮਿਟ ਜਾਵੇ ਜੇ ਰਾਤੀ ਜਾਗਕੇ ਚੱਖੀ ਨਾਂ ਰਾਤ !
ਸਾਵੇ ਪਰਬਤ ਜਾਣਦੇ
ਚੰਬਾ ਖਿੜੇ ਤਾਂ ਅੱਧੀ ਰਾਤ

ਜੋਗੀ ਭੋਗੀ ਭੋਗਦੇ
ਚੱਖਦੇ ਹੁਸਨਾਂ ਦਾ ਲੂਣ
ਨੇੜੇ ਕਿਧਰੇ ਛਣਕਦੀ
ਝਾਂਜਰ, ਮੁਹੱਬਤ, ਮੌਤ ਦੀ
ਸ਼ਾਇਰੀ ਦੀ ਤੜਪਦੀ ਰਗ਼
ਧਰਤ ਦੀ ਰੱਤੀ ਮੁਹਾਠ
ਆਖਰਾਂ ਦਾ ਸੇਕ ਤਪੀਆ

ਦੂਧੀਆਂ ਦਰਿਆ, ਜੀਵੇਂ, ਲੰਮੇ ਲੰਮੇ ਪਾਟ
ਨਿਤ ਹੀ ਤਰਦੇ ਸੀ ਤਾਰੂ
ਬਹੁਤ ਹੀ ਪੀਡੇ ਸੀ ਮਸਲੇ
ਬੜੇ ਡਾਢੇ ਸਿਦਕ ਸੀ
ਬਹੁਤ ਮਾਮੂਲ ਸੀ ਅਕਲਾਂ ਦੇ ਪੈਂਡੇ

ਬਿਹਬਲ-ਜਿਹਾ ਦਿਨ ਰਾਤ ਦਾ ਵੈਰਾਗ
ਬਹੁਤ ਸੂਖਮ ਬਿਰਦ ਸੀ, ਉਚਾ ਤਕੀਆ ਬੇਲੀਆਂ ਦਾ
ਬਹੁਤ ਸਾਧੇ ਗਲੇ, ਸੁਰ ਲਾਡਲਾ ਕੋਮਲ-ਗੰਧਾਰ
ਖੁਲ੍ਹ ਕੇ ਸਰਗਮ ਛੇੜਦੇ
ਕਰਦੇ ਸਵਾਰੀ ਪੌਣ ਦੀ
ਸੁਰਾਂ ਦੇ ਪਾਤਾਲ ਟਿਕ ਜਾਂਦੇ ਅਡੋਲ

ਫੇਰ ਛਿੜਦੀ ਹੈ ਕਹਾਣੀ, ਜਿੱਤ ਦੀ ਜਾਂ ਹਾਰ ਦੀ
ਟੁੱਟਿਆਂ ਨਿਰਮੋਹ ਦਿਲਾਂ ਦੀ, ਯਾਰ ਦੀ ਬੇਯਾਰ ਦੀ
ਦੇਸਾਂ ਪਰਦੇਸਾਂ 'ਚ ਵੱਸੇ ਬੇਲੀਆਂ ਦੇ ਪਿਆਰ ਦੀ
ਸ਼ੰਕਰ ਨੇ ਬੁੱਧ ਨੂੰ ਕੀ ਕਿਹਾ ?
ਇਤਿਹਾਸ ਨੂੰ ਮਿਥਿਹਾਸ ਨੇ ਕਿਉਂ ਛੇੜਿਆ
ਸਮੇਂ ਦੇ ਚੱਕਰ ਨੂੰ ਪੁੱਠਾ ਗੇੜਿਆ, ਕਿੰਝ ਛੇੜਿਆ
ਜਰਮਨ ਦੇ ਸੁੱਚੇ ਲਹੂ ਨੂੰ
ਬਣਕੇ ਮਸੀਹਾ ਨੀਤਸ਼ੇ ਨੇ ਬਿਖ ਦਾ ਭੌਜਲ ਛੇੜਿਆ
ਜ਼ਰਤਸਤ ਜਾਣੇ, ਈਸਾ ਕਿਸ ਪਲ ਮਰ ਗਿਆ
ਤਾਲਸਤਾਏ, ਪੂਰਨ ਸਿੰਘ, ਟੈਗੋਰ ਤੇ
ਇਕਬਾਲ ਚੁੱਪ ਨੇ, ਏਸ਼ੀਆ ਨਹੀਂ ਜਾਗਦਾ !
ਪੈਰਾਡਾਈਮ ਪੈਰਾਡੂਮ, ਤੇਰੀ ਵੱਡੀ ਧੂਮ ਅੱਜ ਵੀ ਧੂਮ !
ਹੇ ਸੋਲਜ਼ੇਨਿਤਸਿਨ, ਪਿਆਰੇ ਰੂਸ ਦੇ ਟੁੱਟਣ ਦਾ ਦਿਲ ਨੂੰ
ਰਹੇਗਾ ਡੂੰਘਾ ਦਰੇਗ਼, ਹੰਝੂਆਂ ਦਾ ਵੇਗ ਪੂਰਾ ਮੁੱਕਿਆ
ਰਗਾਂ ਵਿਚ ਕੋਈ ਰੱਤ ਸੁੱਚੀ ਜਾਗਦੀ
ਸਿੱਕੇ ਪੁਰਾਣੇ ਬਿੰਬ ਥੋਥੇ-ਧਾੜਵੀ

ਭਾਲੋ ਭਾਲੋ ਹੁਣ ਸਦੀਵੀਂ ਚਿੰਤਕਾਂ ਦੀ ਭਾਲ
ਹਾਏ ਸਾਡੀ ਰੱਤ ਨੂੰ ਬੇਗ਼ਾਨਗੀ ਨੇ ਖਾ ਲਿਆ
ਕੁਝ ਲਿਖ ਲਿਆ, ਕੁਝ ਗਾ ਲਿਆ
'ਦੀਮਕ ਨੇ ਥੀਸਿਸ ਖਾ ਲਿਆ'
ਚਸ਼ਮੇ ਬਦ ਦੂਰ। ਦੂਰ। ਚਸ਼ਮੇ ਮਾ ਰੌਸ਼ਨ
ਦਿਲੇ ਮਾ ਸ਼ਾਦ ! ਤੇਰੀ ਯਾਦ
ਅੱਜ ਵੀ ਹੇ ਖਾਨੁਮਾ ਬਰਬਾਦ, ਬੇਲੀ, ਬੇਨਵਾ ਨਾਸ਼ਾਦ !

ਕੀ ਕਿਹਾ ਸੀ ਘੁੱਗੀਆਂ ਨੇ ਘੁੱਗੀਆਂ ਨੂੰ
ਬਾਜ਼ਾਂ ਨੇ ਮੁੜ ਕੇ ਬਾਜ਼ ਨੂੰ
ਬਾਮਿਆਨ, ਸੋਮਨਾਥ, ਸਰਹਿੰਦ ਦੀ ਖ਼ੂਨੀ ਦੀਵਾਰ
ਰੌਂਦੀ ਰੂਹ ਦੇ ਆਰ ਪਾਰ
ਹੋਣਾ ਕੀ ਉਸਨੂੰ ਵਿਸਾਰ

ਨਿਰਾ ਸੰਵਾਦ ਨਾਂ ਸੀ
ਇਲਮ ਦਾ ਖ਼ਾਨਾ ਕਦੇ ਬਰਬਾਦ ਨਾ ਸੀ
ਨਿੱਘਾ ਕਲਾਵਾ ਹੁਸਨ ਦਾ
ਬਿਫ਼ਰੀ ਜਵਾਨੀ ਮਰ ਜਾਣੀ
ਚੋਰੀ ਯਾਰੀ ਸ਼ੌਂਕ ਸੀ, ਬਦਨਾਮੀਆਂ ਦਾ
ਚੁਗ਼ਲੀ ਬੜੀ
ਗ਼ੀਬਤ ਵੀ ਸੀ
ਕੀਨਾ ਵੀ ਸੀ
ਮੂਰਖ ਨਿਰੇ
ਮੀਟੀਆਂ ਅੱਖਾਂ
ਮਜੀਠੀ ਜੋਗ ਦਾ ਹਾੜ੍ਹਾ ਵੀ ਸੀ
ਕੁਝ ਹੋਰ ਵੀ ਸੀ ਜੋ ਮਨੁੱਖ ਨੂੰ ਖੋਰ ਸਕਦਾ ਜੜ੍ਹਾਂ ਤੋਂ ਸਗਲਾ ਸਮੂਲਾ
ਬੜਾ ਕੁਝ ਹੋਰ ਵੀ ਸੂਖਮ ਜਿਹਾ
ਭਰਮ ਦਾ ਚਾਨਣ ਹਨੇਰਾ
ਬਹੁਤ ਕੰਡਿਆਰਾ ਜਿਹਾ
ਯਾਰ ਖੱਬੂ, ਯਾਰ ਸੱਜੂ

ਯਾਰ ਯਾਰਾਂ ਦੇ
ਵਿਗੜੇ ਤਿਗੜੇ ਵਹਿੜਕੇ
ਕੋਈ ਰਾਠ
ਸੁਚੇ ਤੇ ਬੇਦਾਗ਼ ਮਸਲੇ ਪਿਆਰ ਦੇ, ਟੁੱਟਿਆਂ ਦਿਲਾਂ ਨੂੰ ਵੁੱਲਾਂ
ਨੂੰ ਚੁਣ ਚੁਣ ਪਿਆਰ ਦੇ
ਮੋਇਆ ਨੂੰ ਐਵੇਂ ਮਾਰਦੇ
ਜਿਤੀ ਬਾਜ਼ੀ ਹਾਰਦੇ

ਹਠੀਲੀ, ਰਾਠ
ਗਰਵੀਲੀ, ਸੁਰੀਲੀ, ਲੀਕ ਮਸਤਕ ਦੀ
ਫ਼ਕੀਰੀ ਦੀ

ਸਭੋ ਕੁਝ ਗ਼ਲਤ ਸੀ ਮੁਢੋਂ ਹੀ
ਤਾਂ ਵੀ ਠੀਕ ਹੀ ਤਾਂ ਸੀ
ਜੇ ਸਭ ਕੁਝ ਠੀਕ ਸੀ ਮੁਢੋਂ ਹੀ
ਤਾਂ ਵੀ ਗ਼ਲਤ ਸੀ, ਪਰ ਠੀਕ !
ਬੜੇ ਤਿੱਖੇ, ਬੜੇ ਭੋਲੇ, ਸਿਤਮਗਰ, ਮੋਹ ਭਰੇ ਬੇਲੀ
ਸ਼ਰੀਕਾਂ ਵਾਂਗ ਖਹਿੰਦੇ, ਈਰਖਾਲੂ
ਪੈਰੋਂ ਵਾਹਣੇ, ਤੁੰਦ ਖੂ, ਖੁਸ਼ਬੋ ਨਿਗਾਹਾਂ ਦੀ
ਬਲਾ ਦੇ ਅਜਨਬੀ, ਨੱਢੀਆਂ ਤੇ ਛੋਹਰੇ
ਅੱਜ ਬੜੇ ਚੁਪ ਨੇ
ਕਿਵੇਂ ਚੁੱਪ ਨੇ ?
ਕਿਤੇ ਵੱਗੇ ਨੇ ਦੂਰ !
ਕਿੱਥੇ ਡੁੱਬੀ ਚਾਂਦਨੀ, ਕਿਥੇ ਕੁ ਮੇਰੀ ਸਵੇਰ
ਕਦ ਖਿੜੇ ਅੰਬਾਂ ਦਾ ਬੂਰ
ਸ਼ੋਰ ਹੈ ਮਜਮਾਂ ਹੈ ਸੁੰਨਾ, ਬੇਸੁਰੇ ਕਲਪੁਰਜ਼ਿਆਂ ਦੀ ਦਨਦਨਾਂਦੀ ਸ਼ਾਮ
ਰੰਗਾ ਰੰਗ, ਬੇਰੁੱਤ, ਬੇਚਾਰਾ ਸੰਗੀਤ !
ਲਾਡਲੀ ਹੈ ਆਪਣੀ ਸ਼ੋਭਾ ਦੀ
ਬੇ ਪਤ ਖ਼ਾਕ !
ਕਿਥੇ ਜਾ ਕੇ ਸੌਂ ਗਏ, ਤ੍ਰੈਕਾਲ ਦੇ ਸੁਰਤਾਲ

ਕਿਹੜੇ ਪੱਤਣ ਲਹਿ ਗਏ
ਬੇਲੀ ਮੇਰੇ ਸ਼ਾਹ ਜ਼ੋਰ
ਚਾਕਰੀ, ਖ਼ੁਦਗਰਜੀਆਂ, ਮਿਹਣੇ, ਸਲਾਖ਼ਾਂ
ਵਣਾਂ ਵਿੱਚ ਪੱਕਣ ਨਾਂ ਦਾਖਾਂ
ਲੁਕ ਛਿਪ ਜਾਣਾ, ਮੰਨੀਏ ਭਾਣਾ
ਘਰ ਨਹੀਓਂ ਮੁੜਨਾ, ਘਰ ਨਹੀਂ ਜਾਣਾ

ਲੁਕ ਛਿਪ ਜਾਣਾ, ਕੌਲ ਪੁਗਾਣਾ
ਕੌਲ ਪੁਗਾਣਾ, ਛਵ੍ਹੀਆਂ ਦੀ ਛਾਂ ਹੇਠ ਨਾਂ ਜਾਣਾ
ਇਹ ਦੁਨੀਆਂ ਐਵੇਂ ਲਾਣਾ ਬਾਣਾ
ਭਰਮ ਹੈ ਲਿਖਣਾ ਤੇ ਗਾਣਾ, ਕੌਲ ਪੁਗਾਣਾ
ਬੇਰਾ ਬੇਰਾ ਕਟ ਗਿਆ
ਜ਼ੌਕ ਦਾ ਸੁੱਚਾ ਜਨੂੰਨ
ਸ਼ਹਿਰ ਬਣਿਆ ਜ਼ਹਿਰ ਦਾ ਛੱਤਾ ਨਸ਼ੀਲਾ
ਦੇਸਾਂ ਵਿੱਚ ਪਰਦੇਸ
ਪਹਿਰਾ ਨਾਦਰਾਂ ਦਾ
ਚੂਨੇ ਗੱਚ ਦਰਵਾਜਿਆਂ ਨੂੰ
ਪਿਪਲੀਆਂ ਨੇ ਡੰਗਿਆਂ
ਉਡੇ ਤਿੱਖਾ ਵਾਵਰੋਲਾ ਚੌਂਕ ਵਿੱਚ
ਸ਼ਹਿਰ ਬਣ ਚਲਿਆ ਹੈ
ਠਾਣਾ ਚੰਘੜਾਂ ਦਾ
ਸ਼ੋਰ ਹੈ ਘੜਿਆਲ ਦਾ
ਬੇਸੁਰਾ ਬੇਤਾਲ ਦਾ

ਕਾਲ ਦੇ ਸੁਰਤਾਲ ਤੇਰੀ ਖ਼ੈਰ ਹੋਵੇ
ਹੇਰਵਾ ਹਰ ਹਾਲ ਤੇਰੀ ਖ਼ੈਰ ਹੋਵੇ
ਪੀਰਾਂ ਦੇ ਸੁਰਤਾਲ ਤੇਰੀ ਖ਼ੈਰ ਹੋਵੇ

ਮੈਂ ਟੱਪਾ ਗਾ ਲਵਾਂ ਜਿੰਦੇ
ਕਸੁੰਭਾ ਗਾ ਲਵਾਂ ਵਾਏ !
ਨਾਂ ਏਨਾ ਕਹਿਰ ਕਰਿਆ ਕਰ
ਮੇਰੀ ਮਿੱਟੀ ਨੂੰ ਸੁਰ ਵਿੱਚ ਰਹਿਣ ਦੇ

ਫੱਕਰਾਂ ਤੋਂ ਡਰਿਆ ਕਰ
ਜ਼ਾਮਨ ਬਣੇ ਦਰਿਆ
ਕਦੇ ਆਪਣੇ ਵੀ ਸੀ
ਕਿਤੇ ਏਥੇ ਹੀ ਨੇੜੇ ਹੈ
ਮੇਰੀ ਪਰਭਾਤ ਦੀ ਡੋਲੀ
ਜ਼ਾਮਨ ਬਣੇ ਦਰਿਆ
ਭਗਵਾਂ ਵਗੇ ਦਰਿਆ
ਸੁੱਚੀਆਂ ਪੈੜਾਂ ਦਾ ਉੱਚਾ ਚੰਨ
ਪਰਤ ਕੇ ਆਵੇ ਬਹਾਰ
ਬਰਸ ਜਾ ਮਿੱਠੀ ਫੁਹਾਰ
ਕਣ ਕਣ ਬਰਸ

ਟਿਕ ਗਿਆ ਰੰਗਾਂ ਸੁਗੰਧਾਂ
ਪਾਰ ਦਾ ਬੇਲਾ
ਕਹਿਰ ਮਿੱਠੇ ਦਰਦ ਦਾ ਸਾਵਣ ਥਲਾਂ ਤੇ ਗਰਜਦਾ
ਬਰਸ ਜਾਂ ਅੱਥਰੀ ਫੁਹਾਰ
ਸੂਈ ਦੇ ਨੱਕੇ 'ਚੋਂ ਲੰਘੇ ਮੋਤੀਆਂ ਫੁੱਲਾਂ ਦੇ ਹਾਰ
ਦਿਲਾ ਸਾਬਤ ਰਹੀਂ
ਪੀੜਾਂ ਨੇ ਭਾਵੇਂ ਅਜਨਬੀ ਦਿਲਚੀਰ
'ਰਾਜ਼ੀ ਰਾਹਣਾ ਪਹਾੜਾਂ ਦਿਓ ਗੁੱਜਰੋ'
ਸੁਣਾ ਮੈਂ ਬੋਲ ਤੇਰੇ
ਦਿਲਾ ਹੁਣ ਖੋਹਲ ਡੇਰੇ
ਦਿਲਾ ਏਨਾਂ ਨਾਂ ਡੋਲ
ਰੁਠਿਆ ਬੂਹਾ ਤਾਂ ਖੋਲ੍ਹ
ਤੇਰੇ ਜ਼ਾਮਨ ਤੇਰੇ ਬੋਲ ਜ਼ਾਮਨ ਬਣੇ ਦਰਿਆ
ਬੇਲੇ ਖ਼ੈਰ ਹੋਵੇ !

ਜ਼ਾਮਨ ਬਣੇ ਦਰਿਆ ਕਦੇ ਆਪਣੇ ਵੀ ਸੀ
ਤੂੰ ਨਰਕ ਸੁਰਗ ਥਲ ਦਾ ਤਾਰਾ
ਤੂੰ ਬੇਲਾ ਬਿਨਮੋਲ
ਬਿਰਹਾ ਤੇਰੀ ਛਾਂ, ਨਗਰੀ ਤੇਰਾ ਸੇਕ

ਅੱਜ ਹਨੇਰਾ ਸੰਘਣਾ, ਬਿਨ ਤੋਲ
ਗਾ ਨੀ ਜਿੰਦੇ ਗੀਤ ਦਾ ਤਪੀਆ ਬਿਬੇਕ
ਅੱਖੀਆਂ ਅੱਥਰੂ ਦਾ ਸੇਕ
ਨਿਘਰਿਆਂ ਦੀ ਟੇਕ
ਚੰਬਾ ਗਾ ਕੇ ਸੁਤਿਆ ਵਲੀਆ
ਲਿਖ ਜਾ ਸਾਡੇ ਲੇਖ
ਪਾਰ ਗਗਨ ਵਿੱਚ ਟਿਕਿਆ ਤਾਰਾ
ਮੋਹ ਮਿੱਟੀ ਦਾ ਸੇਕ

•

# ਧਰਤ ਦਾ ਟੁੱਕੜਾ ਨਹੀਂ ਪੰਜਾਬ

ਬਹੁਤ ਡਰਦਾ ਹਾਂ ਮੈਂ
ਲਫ਼ਜ਼ ਤਕਸੀਮ ਤੋਂ ਡਰਦਾ ਹਾਂ ਮੈਂ
ਸੁਪਨੇ 'ਚ ਡਰਦਾ ਹਾਂ

ਬੁਰੀ ਤਕਸੀਮ ਦਰ ਤਕਸੀਮ ਦਰ ਤਕਸੀਮ
ਮੇਰਾ ਪੰਜਾਬ ਨਾਂ ਪੰਜਾਬ ਨਾਂ ਪੰਜਾਬ !
ਬੇਰਾ ਬੇਰਾ, ਪੋਟਾ ਪੋਟਾ, ਕਟ ਗਿਆ ਪੰਜਾਬ
ਇਹੋ ਪੰਜਾਬ ਦਾ ਕਿੱਸਾ
ਇਹੋ ਪੰਜਾਬ ਦੀ ਹੋਣੀ

ਜਿਵੇਂ ਸੱਸੀ ਤੇ ਸੁਹਣੀ, ਹੀਰ ਦਾ
ਬਿਰਹਾ ਵੀ ਰੂਹ ਦੀ ਵੰਡ ਦੀ ਗਾਥਾ
ਬਦਲਿਆ ਕੁਝ ਨਹੀਂ
ਬਸ ਰੁੱਤ ਨੇ ਖ਼ੰਜਰ ਬਦਲਿਆ ਹੈ
ਜ਼ੁਬਾਂ, ਵਿਰਸਾ, ਮੁਹੱਬਤ
ਜੜ੍ਹਾਂ ਤੋਂ ਨਾਪਾਕ ਹੋ ਚੱਲੇ

ਜੇ ਬੋਲੀ ਮਿਟ ਗਈ
ਤਿੰਨ ਕਾਲ ਦਾ ਜੋਬਨ ਉਜੜ ਜਾਣਾ
ਤੇ ਲੱਖਾਂ ਸਾਲ ਲੱਗਣਗੇ
ਸੁਰੀਲੇ ਬੋਲ ਨਹੀਂ ਜੁੜਨੇ ਵੇ ਅਣਜਾਣਾਂ
ਮੁਹੱਬਤ ਰੂਪ ਦੇ ਮੇਲੇ ਨਹੀਂ ਜੁੜਨੇ
ਕਿ ਰੁੱਸੇ ਕਦੇ ਨਹੀਂ ਮੁੜਨੇ ਕਿ ਬਾਗੀਂ ਫੁੱਲ ਨਹੀਂ ਖਿੜਨੇ
ਵੇ ਮੇਰੇ ਮਹਿਰਮਾਂ ਢੋਲਾ ਕਿ ਸੂਹਾ ਸ਼ਗਨ ਦਾ ਚੋਲਾ

ਤੇਰਾ ਅੰਚਲ, ਮੇਰਾ ਆਂਚਲ, ਸੁੰਨ ਹੈ ਪੱਛਮ ਦਾ ਆਂਚਲ
ਪਾਰ ਰਾਵੀਓਂ ਉਰਦੂ ਸ਼ਾਹੀ

ਏਸ ਪਾਰ ਅੰਗਰੇਜ਼ੀ ਬਿਸਵੇਦਾਰੀ, ਦੰਮਾਂ ਦੀ ਤਾਬੇਦਾਰੀ
ਤੇਰਾ ਆਂਚਲ ਮੇਰਾ ਆਂਚਲ
ਦਾਗ਼ਦਾਰ ਬੇਯਾਰੋ ਮੱਦਦਗਾਰ ਜਿੰਦੇ
ਸੁੰਨਮਸੁੰਨਾਂ ਦੇਸ਼-ਕਾਲ ਬੇਸੁਰਾ, ਬੇਤਾਲ
ਦਿਲਾ ਦਰਿਆ ਨਾਂ ਬੁੱਝਣ ਹਾਲ, ਵੇ ਰਸੀਆ ਰਸਾਲ

ਯੂਰਪ ਕਹੋ ਜਾਂ ਏਸ਼ੀਆ
ਬਦਲੇ ਮਨੁੱਖ ਦਾ ਹਉਂ ਕਿਵੇਂ ਬਦਲੇ ?
ਨਾਂ ਬਦਲੇ ਭਾਗ ਮਨ ਦੇ ਪਿੰਜਰੇ ਦੇ, ਸੋਨੇ ਦਾ ਪਿੰਜਰਾ
ਮਨੁੱਖ ਸਦੀਆਂ ਤੋਂ ਪਰਦੇਸੀ
ਰਜ਼ਾਮੰਦੀ, ਗ਼ੁਲਾਮੀ, ਡਰ,
ਸਮਾਂ ਆਖੇ, ਨਾਂ ਜਾਗ
ਹਰ ਸਦੀ ਚਾਨਣ ਦਾ
ਚਿਹਰਾ ਦਾਗ਼ ਦਾਗ਼

ਇਤਿਹਾਸ ਬਣਕੇ ਵੇਖ
ਨਾਂ ਮਿਥਿਹਾਸ ਵਾਂਗੂੰ ਵੇਖ
ਪੰਜਾਬ ਦਾ ਪੰਜਾਬ
ਹੋਣਾ ਪਾਪ ਹੈ
ਬੰਗਾਲ ਵਿਚ ਬੰਗਾਲ ਦਾ
ਸਰਸਬਜ਼ ਹੋਣਾ ਕਹਿਰ ਹੈ
ਰਾਠ ਟੁੱਕਰ ਭੋਰਦੇ, ਨਿਮੋਝੂਣੇ ਤੇ ਨਿਰਾਸ
ਸੀਨੇ ਤੇ ਧਰਕੇ ਸੈਂਕੜੇ ਹੀ
ਵਾਰ ਝੱਲੀ ਅੱਥਰੂਆਂ ਦੀ ਵਾਹਰ

ਇਹ ਸੁੰਨਾ, ਬਾਂਝ ਨਾਟਕ
ਜਾਂ ਭੁਲੇਖਾ ਚਾਨਣੀ ਦਾ
ਨ੍ਹੇਰੇ ਵਿੱਚ ਬੁਝਿਆ ਚਿਰਾਗ,
ਆ ਮਲੀਏ ਗੀਤ ਦਾ ਵਟਣਾ
ਆ ਲਾਹੀਏ ਹਸਰਤਾਂ ਦੇ ਦਾਗ
ਆ ਮੇਰੇ ਪੰਜਾਬ ਆ
ਵਕਤ ਹੈ ਰੁੱਸੇ ਮਨਾ
ਆ ਮੇਰੇ ਪੰਜਾਬ ਆ !

ਇਕ ਸਦੀ ਪਹਿਲਾਂ ਕਿਵੇਂ
ਰੁੱਸੀ ਰਬਾਬ
ਇਕ ਸਦੀ ਪਹਿਲਾਂ ਕੇਹੀ
ਵਿਛੜੀ ਚਨਾਬ
ਵੰਗ ਦਾ ਟੋਟਾ ਨਹੀਂ ਸੀ
ਹਸ਼ਰ ਸੀ
ਇਕ ਸਦੀ ਪਹਿਲਾਂ
ਕਹਿਰ ਟੁੱਟਿਆ ਪੰਜਾਬ
ਇਕ ਸਦੀ ਪਹਿਲਾਂ ਅਸੀਂ ਸ਼ੇਰੇ-ਪੰਜਾਬ :
ਇਕ ਸਦੀ ਪਿਛੋਂ ਬਣੇ 'ਹਾਜਰ ਜਨਾਬ'।
ਬਸਤੀਵਾਦੀ ਜਬਰ ਸੀ ਜਾਂ ਘਰ ਦੇ
ਭੇਤੀ ਲਾਜਵਾਬ !

ਬਿਰਧ ਮਾਵਾਂ ਬੈਠੀਆਂ
ਕੱਚੀਆਂ ਕੰਧਾਂ ਦੀ ਛਾਵੇਂ
ਵਿਲਕਦੀ ਕੂੰਜਾਂ ਦੀ ਰੱਖ
ਸੁਲਘਦੇ ਬੇਲੇ ਦੇ ਕੱਖ
ਚੰਨ ਮੈਲਾ ਸਮੇਂ ਦਾ ਲੰਗਾਰਿਆ
ਟੁੱਕਰ, ਬੜਾ ਕੌੜਾ
ਕਿ ਤਿੱਖੀ ਬਕਬਕੀ ਭੱਖੜੇ ਦੀ ਖੇਤੀ
ਇਕ ਕਦਮ ਮਿੱਟੀ 'ਚ
ਦੂਜਾ ਅੱਗ ਵਿਚ
ਵਿਛੜਿਆਂ ਦੇ ਦੇਸ ਦੇ ਬਲਦੇ ਸਿਵੇ ਦਿਨ ਰਾਤ
ਬੇਨਾਮਿਆਂ ਦੀ ਕਬਰ 'ਵਾਜਾਂ ਮਾਰਦੀ

ਧੰਨ ਪੋਠੋਹਾਰ, ਸਾਂਦਲ ਬਾਰ ਮਾਲਵ ਦੇਸ ਦੇ ਲੰਮੇਂ ਵਿਛੋੜੇ
ਛਾਂ, ਨਹਿਰਾਂ, ਬਾਗ
ਸਰਘੀ, ਪੈਲੀਆਂ, ਘੁੰਮਕਾਰ
ਘੂਰਦਾ ਮੁੜ ਮੁੜ ਉਜਾੜਾ ਜਾਂ ਜੁਆਨੀ ਅਣਖ ਮੱਤੀ
ਸਮੇਂ ਦਾ ਮੱਥਾ ਚਮਕ ਕੇ ਤਿੜਕਿਆ
ਸ਼ਾਲਾ ਤੁਸੀਂ ਨਾ ਉਜੜਦੇ, ਕੈਸਾ ਉਜਾੜਾ ਵਤਨ ਦਾ

ਬੇ-ਵਤਨ ਦਾ ਡਰ ਬਹੁਤ ਲਗਦਾ ਹੈ, ਜੀਵੇਂ !
ਸ਼ਹਿਰ ਵਿਚ ਕਰਫਿਊ ਹੈ
ਤਾਰਾ ਲੰਮਾ ਫੇਰ ਚੜ੍ਹਿਆ ਹੈ
ਮੌਲਾ ਖੈਰ ਗੁਜ਼ਾਰੇ
ਅਜੇ ਵੀ ਕੀ ਪਤਾ
ਪੰਜਾਬ ਦਾ ਬੰਗਾਲ ਦਾ
ਜਾਂ ਪਾਂਡਵਾਂ ਦੇ ਦੇਸ ਦਾ
ਜੁੱਧ ਕੁਲਛੇਤਰ ਦਾ ਫਿਰ
ਰਾਵੀ ਜਾਂ ਜਮਨਾ ਪਾਰ ਦਾ, ਉਰਵਾਰ ਦਾ
ਪਰਤ ਕੇ ਆਵੇ ਸੁਨੇਹਾ ਪਿਆਰ ਦਾ
ਤਾਂਘਾਂ ਕਦੋਂ ਦੀਆਂ ਲੱਗੀਆਂ

ਅੱਧੀ ਸਦੀ ਪੂਰੀ ਸਦੀ
ਕਦੋਂ ਕੁ ਮੁੱਕੇਗੀ ਹੇ ਖ਼ਾਨਾਖ਼ਰਾਬ
ਪੂਰੀ ਦੀ ਪੂਰੀ ਸਦੀ ?
ਅੱਧੀ ਸਦੀ ਰਾਵੀ ਦੇ ਪਾਰ
ਅੱਧੀ ਸਦੀ ਸਤਲੁਜ ਤੋਂ ਪਾਰ
ਕਰਫਿਊ ਨੇ ਸ਼ਹਿਰ ਦੀ ਸੰਘੀ ਮਰੋੜੀ
ਅੱਜ ਦੀ ਸੱਜਰੀ ਸੁਬ੍ਹਾ ਦਾ
ਗੀਤ ਤੇ ਸੰਗੀਤ ਏਥੇ ਬੰਦ ਹੋਇਆ

ਭੂਰੀ ਕਾਲੀ ਮਿੱਟੀ ਦਾ ਟੁਕੜਾ ਨਹੀਂ ਪੰਜਾਬ
ਇਹ ਤਾਂ ਸਾਡਾ ਦਿਲ ਸੀ ਜਾਂ ਬਾਬਲੇ ਦੀ ਪੱਗ ਦਾ
ਚਾਨਣ ਉਜਾਲਾ। ਇਤਿਹਾਸ ਦੀ ਸੀਮਾ ਨੇ
ਜਿਸ ਨੂੰ ਕੋਹ ਲਿਆ। ਸਭ ਕੁਝ ਖੋ ਲਿਆ
ਪੰਜਾਬ ਜੋ ਆਪਣਾ ਸੀ ਕਿਸਨੇਂ ਖੋਹ ਲਿਆ ?
ਬਹੁਤ ਡਰਦਾਂ ਲਫ਼ਜ਼ ਤਕਸੀਮ ਤੋਂ ਸਖੀਏ ਬਹੁਤ ਡਰਦਾ ਹਾਂ ਮੈਂ
ਮੁੜ ਕਦੋਂ ਵੱਗੇਗੀ
ਉਹ ਬਾਦੇ ਨਸੀਮ !
ਪੰਜਾਬ ਨਾ ਇਤਿਹਾਸ ਨਾ ਮਿਥਿਹਾਸ
ਇਹਦਾ ਨਾਂ ਲੰਮਾਂ ਵਿਛੋੜਾ, ਬਿਰਹਾ ਬਿਰਹਾ ਆਖਦੇ ਇਹਦਾ ਨਸੀਬ

ਰੁੱਸ ਨਾਂ ਮੇਰੇ ਨਦੀਮ ਬਹੁਤ ਡਰਦਾ
ਹਾਂ ਲਫ਼ਜ਼ ਤਕਸੀਮ ਤੋਂ
ਮੁੜ ਕਦੋਂ ਵੱਗੇਗੀ ਉਹ ਬਾਦੇ ਨਸੀਮ
ਪੰਜਾਬ ਨਾਂ ਕੋਈ ਸੀਮਾ
ਨਾ ਅਸੀਮ
ਪੰਜਾਬ ਤਾਂ ਤਕਸੀਮ
ਦਰ ਤਕਸੀਮ
ਦਰ ਤਕਸੀਮ !

ਪੰਜਾਬ ਇਕ ਬ੍ਰਹਿਮੰਡ ਹੈ ਪੂਰੇ ਦਾ ਪੂਰਾ
ਕਾਦਰ ਦੇ ਸੱਚੇ ਨੂਰ ਦੀ ਭੂਮੀ
ਧਰਮ ਛੇਤਰ, ਕਰਮ ਛੇਤਰ, ਜੋਬਨੇ ਧਨ ਦੀ ਬਹਾਰ
ਜੂਝਦਾ, ਗਾਉਂਦਾ ਤੇ ਨਚਦਾ ਦੇਸ ਕਾਲ
ਏਸੇ ਨੂਰੀ ਰਗ ਤੇ ਫੇਰੀ ਸਮੇਂ ਨੇ ਜਾਬਰ ਕਟਾਰ
ਇਤਿਹਾਸ ਦੇ ਖੰਡਰਾਂ 'ਚ
ਚੰਨ ਤਾਰੇ ਰੁਲੇ, ਚਾਅ ਠਰ ਗਏ
ਪਾਸੇ ਦਮਾਮੇ ਮਮਟੀਆਂ ਥਾਂ ਥਾਂ ਤੋਂ ਰਾਤਾਂ ਝਪਟੀਆਂ
ਮਾਲਕ ਹੁਸਨ ਦੇ ਰੁੱਸ ਗਏ ਬਿਨਬੋਲ
ਠੀਕ ਹੈ ਵਾਹਗੇ ਤੇ
ਦੀਵਾ ਬਾਲੀਏ
ਹੋਣਾ ਕੀ ? ਉਸ ਨੂੰ ਭਲਾ ਕਿੰਝ ਟਾਲੀਏ
ਜੋਬਨ ਮੇਰੇ ਪੰਜਾਬ ਦਾ
ਰੱਬ ਖੈਰ ਰੱਖੇ ਦੇਸ ਤੇ
ਖੈਰੀਂ ਮਿਹਰੀਂ ਵੱਸ ਵੇ ਪੰਜਾਬ
ਜਿਥੇ ਵੀ ਵੱਸੇਂ ਜੱਗ ਤੇ
ਵੱਸਣਾ, ਆਮੀਨ, ਕਿ ਮੁੜ ਵੱਸਣਾ ਆਮੀਨ

ਧਰਤ ਦਾ ਟੁਕੜਾ ਨਹੀਂ ਪੰਜਾਬ, ਸ਼ਗਨ ਵਿੱਥ ਕਾਲ ਦਾ
ਅਮਨ ਦਾ ਬੀਜ ਮੰਤਰ, ਅਨੁਭਵੀ ਪ੍ਰਕਾਸ਼
ਇਹ ਨਚਦੀ ਗਾਂਵਦੀ ਤੇ ਜੂਝਦੀ ਪਰਭਾਤ
ਇਹਦੇ ਜੰਗਲਾਂ ਪਹਾੜਾਂ ! ਤਿੱਖੇ ਦਰਿਆਵਾਂ 'ਚ ਉਡਦੇ

ਫੈਲਦੇ ਰੱਬੀ ਜਸ਼ਨ, ਨਾਦੀ ਅਨਾਦੀ ਤੇਰੇ ਫੁਰਮਾਨਾਂ ਦੀ ਖ਼ੈਰ
ਤੇਰੇ ਅਲਬੇਲੇ 'ਤੇ ਕਾਫ਼ਰ ਹੁਸਨ, ਮੋਮਨਾਂ ਤੇ ਕਾਫ਼ਰਾਂ ਦੀ ਖ਼ੈਰ !
ਤੇਰੇ ਦੀਦਾਰ ਚੋਂ ਨਗ਼ਮੇਂ ਮਿਲਣ, ਲੱਖ ਚਾਅ ਖਿੜਨ
ਨੈਣਾਂ ਨੂੰ ਚਾਨਣ ਮਿਲੇ, ਧਰਤੀਆਂ ਵਿੱਚ ਬੀਜੀਏ ਆਕਾਸ਼
ਬੇਰੀਆਂ ਵਿਚ ਬੂਰ ਦਾ ਪਰਕਾਸ਼, ਛੱਤਿਆਂ ਵਿੱਚ ਮਿਸ਼ਰੀਆਂ ਦੀ
ਬਾਸ, ਫਲਾਂ ਫੁਲਾਂ ਸਰਘੀਆਂ ਵਿੱਚ
ਰਸ ਕਸਾਂ ਦਾ ਵਾਸ ਭਰਿਆ ਮੇਲਾ ਤੇਰਾ ਭਾਗ, ਜਾਂ ਮੇਰਾ
ਅਨੁਰਾਗ। ਹੇ ਵਿਸ਼ਵ ਪੰਜਾਬ ਜਾਗ ਜਾਗ
ਜਾਗ ਚੰਨਾ ਜਾਗ !
ਜਾਗਣਾਂ ਆਮੀਨ ਕਿ ਮੁੜ ਜਾਗਣਾ ਆਮੀਨ !
ਹੇ ਮੇਰੇ ਪੰਜਾਬ ਤੂੰ ਸਰਘੀ 'ਚ ਭਿੰਨੀ ਤ੍ਰੇਲ ਦਾ ਸੁਰਤਾਲ
ਤੇਰੇ ਖੇਤਾਂ 'ਚ ਬਾਗ਼ਾਂ ਵਿਚ ਖਿੜਨਾਂ ਰੁਸਿਆਂ ਦੇ ਮੇਲ ਦਾ ਮਦਤਾਲ
ਮੇਰਾ ਪੰਜਾਬ ਤਾਂ ਤੇਰਾ ਪੰਜਾਬ, ਬ੍ਰਹਿਮੰਡ ਦਾ ਬਾਂਕਾ ਪੰਜਾਬ
ਪੰਜਾਬ ਸਾਡਾ ਏਸ਼ੀਆ, ਯੂਰਪ ਪੰਜਾਬ
ਪੂਰਬ ਪੱਛਮ, ਬੰਨੇ ਚੰਨੇ, ਰਾਂਗਲਾ ਸੋਹਣਾ ਪੰਜਾਬ
ਗੀਤ ਦਾ ਮੁੱਖੜਾ ਮੇਰਾ ਪੰਜਾਬ
ਪੰਜਾਬ ਇਕ ਬ੍ਰਹਿਮੰਡ ਹੈ ਪੂਰੇ ਦਾ ਪੂਰਾ

•

## ਸੱਚ ਬੁੱਲ੍ਹੇ ਸ਼ਾਹ ਆਖਿਆ

ਸੱਚ ਬੁਲ੍ਹੇ ਦਾ ਆਖਿਆ
''ਦਰ ਖੁਲ੍ਹਾ ਹਸ਼ਰ ਅਜ਼ਾਬ ਦਾ
ਬੁਰਾ ਹਾਲ ਹੋਇਆ ਪੰਜਾਬ ਦਾ''
ਕੁਝ ਵੀ ਬਣੋ ਯਾਰੋ
ਤੁਸੀਂ ਬ੍ਰਹਿਮੰਡ ਦੇ ਲੇਖਕ ਬਣੋ
ਭੈਰਵੀ-ਚੱਕਰ ਬਣੋ, ਜਾਂ ਰਾਤ ਕਾਲੀ ਘਾਟ ਦੀ
ਬੋਲੀ-ਵੁੱਡ ਪੰਜਾਬ ਜਾਂ ਚਿਕਨੇ-ਸਿਕੰਦਰ ਦਾ ਹਰਮ
ਕੁਝ ਵੀ ਬਣੋ, ਕੁਝ ਵੀ ਬਣੋ ਯਾਰੋ, ਤੁਸੀਂ ਕੁਝ ਵੀ ਬਣੋ

ਸ਼ੋਰ ਦਾ ਤੂਫ਼ਾਨ ਰੱਬਾ
ਆਖਰੀ ਪੰਜਾਬ ਦਾ ਛਲੀਆ ਭਰਮ
ਮਾਤਮ ਸੁਰੀਲੇ ਖ਼ਾਬ ਦਾ
ਜੋਬਨ ਮੇਰੇ ਪੰਜਾਬ ਦਾ ! ਰੱਛਿਆ ! ਕਰਮ

ਕੁਝ ਵੀ ਬਣੋ ਭਾਵੇਂ
ਕਿਸੇ ਪੰਜਾਬ ਦੇ ਜ਼ਾਮਨ ਬਣੋ
ਕੁਝ ਵੀ ਬਣੋ ਭਾਵੇਂ ਦਿਲਾਂ ਦੇ ਰਾਮ ਜਾਂ ਰਾਵਣ ਬਣੋ
ਕਰੇ ਫਰਿਆਦ ਕੁਲਛੇਤਰ ਚੋਂ ਲੰਘਦੀ ਡਾਰ ਕੂੰਜਾਂ ਦੀ
ਕਿ ਅੰਬਰਾਂ ਵਿੱਚ ਵੰਡ ਦੀ ਕੌੜੀ ਕੁੱਠੀ ਰੈਣ ਕੁਰਲਾਵੇ
ਉਜੜ ਜਾਵਾਂਗੇ, ਮੁੜ ਵੱਸਣਾ ਕਦੋਂ ? ਕਿਸ ਥਾਂ ਤੇ ਵੱਸਾਂਗੇ ?
ਇਹ ਮੁੜ ਮੁੜ ਯਾਦ ਕਿਉਂ ਆਵੇ
ਦਿਲੇ ਬਰਬਾਦ ਕਿਊਂ ਆਵੇ

ਕਿਧਰ ਨੂੰ ਠਿਲ੍ਹ ਜਾਵਾਂਗੇ
ਖ਼ੁਦਾ ਜਾਣੇ ਕਿ ਕੀ ਹੋਣਾ, ਖ਼ੁਦਾ ਜਾਣੇ ਕਿ ਨਾ ਜਾਣੇ
ਕਦੋਂ ਵੱਸਾਂਗੇ ਰੱਬ ਜਾਣੇ, ਕਿ ਰੱਬ ਜਾਣੇ ਤੇਰੇ ਭਾਣੇ
ਬੁਰੇ ਸ਼ਗਨਾਂ ਤੇ ਹੱਸਾਂਗੇ
ਕਦੋਂ ਵਸਾਂਗੇ ਰੱਬ ਜਾਣੇ, ਜਾਂ ਨਾ ਜਾਣੇ, ਤੇਰੇ ਭਾਣੇ
ਜੋ ਪਰਦੇਸੀਂ ਰੁਲੀ ਥਾਂ ਥਾਂ ਨਿਥਾਵੀਂ ਡਾਰ ਕੂੰਜਾਂ ਦੀ
ਇਹ ਸਾਇਆ ਹੈ ਉਜਾੜੇ ਦਾ ਮੇਰੇ ਪੰਜਾਬ ਪਿਆਰੇ ਦਾ
ਪੁਰਾਣਾ ਸੇਕ ਛਾਵਾਂ ਦਾ ਮੇਰੇ ਉਜੜੇ ਗਿਰਾਵਾਂ ਦਾ
ਕਦੋਂ ਵੱਸਾਂਗੇ ਰੱਬ ਜਾਣੇ ਕਿ ਰੱਬ ਜਾਣੇ ਤੇਰੇ ਭਾਣੇ !

ਤੂੰ ਅੱਧਾ ਸੁੱਤਾ ਅੱਧਾ ਜਾਗਦਾ
ਕਲੀਆਂ ਤੇ ਛਾਵਾਂ ਤੇ
ਅਗਨ ਚੁਪ ਚਾਪ ਵਰ੍ਹਦੀ ਹੈ
ਮੇਰੇ ਉਜੜੇ ਗਿਰਾਵਾਂ ਤੇ
ਮੁਹੱਬਤ ਕੌਣ ਜਾਣੇ ਕਿਸ ਘੜੀ
ਇਲਜ਼ਾਮ ਬਣ ਜਾਵੇ
ਸਿਆਸਤ ਕਿਸ ਘੜੀ ਅੱਗ ਦਾ
ਸੁਲਘਦਾ ਜਾਮ ਬਣ ਜਾਵੇ
ਇਹ ਕੀ ਹੋਣਾ ਕਦੋਂ ਹੋਣਾ
ਕਦੋਂ ਪਰਦੇਸੀਆਂ ਹੱਸਣਾ, ਕਦੋਂ ਰੋਣਾ
ਖ਼ੁਦਾ ਜਾਣੇ ਕਿ ਕੀ ਹੋਣਾ, ਖ਼ੁਦਾ ਜਾਣੇ ਕਿ ਨਾਂ ਜਾਣੇ
ਕਦੋਂ ਫੁੱਲ ਤੋਂ ਸੁੰਗਧੀ ਰੁਸਦੀ ਪੱਤਿਆਂ ਚੋਂ ਛਾਵਾਂ ਚੋਂ
ਕਿਵੇਂ ਸੜਦੇ ਨੇ ਵਣ, ਤ੍ਰਿਣ ਆਲ੍ਹਣੇ, ਪੁੱਛੋ ਹਵਾਵਾਂ ਤੋਂ

ਬੜੀ ਸਾਂਝੀ ਹੈ ਬੁੱਕਲ ਦੀ ਮੁਹੱਬਤ ਹਾਕਮਾਂ ਦੀ
ਸਿਆਸਤ, ਛਲ, ਕਪਟ, ਗੱਦੀ ਵਿਰਾਸਤ ਹਾਕਮਾਂ ਦੀ
ਹਜ਼ਾਰਾਂ ਨਸਲ-ਕੁਸ਼ੀਆਂ ਤੇ ਹਨੇਰਾ ਚਮਕਦਾ ਹਸਦਾ
ਮਹਾਂਭਾਰਤ ਮੁਹੱਬਤ ਹੈ, ਮੈਂ ਇਸਦਾ ਰਾਜ਼ ਨਹੀਂ ਦੱਸਦਾ
ਪੂਰਬ ਬਣੋ, ਪੱਛਮ ਬਣੋ, ਲੇਖਕ ਬਣੋ,
ਕੁਝ ਵੀ ਬਣੋ, ਸੱਚ ਹਾਕਮਾਂ ਦਾ
ਬੜਾ ਸਾਂਝਾ ਹੈ ਬੰਨਾ ਹਾਕਮਾਂ ਦਾ,

ਮਾਲਕਾਂ ਦਾ ਚਾਕਰਾਂ ਦਾ
ਫ਼ਕੀਰੀ ਰੌਸ਼ਨੀ ਕਦ ਸੀ ? ਨਿਰਾ ਛਲ ਸੀ ਨਾਦਾਨੀ ਸੀ
ਕੁਫ਼ਰ ਦਾ ਜਸ਼ਨ ਬਣਕੇ ਉੱਜੜੀ ਮੇਰੀ ਜਵਾਨੀ ਸੀ

ਜੇ ਅੱਜ ਦਾ ਰੂਪ ਸਭਿਆਚਾਰ ਦੀ ਉੱਜੜੀ ਕਹਾਣੀ ਹੈ
ਕੀ ਇਹ ਨੱਚਦੀ ਜਵਾਨੀ ਹੈ ਜਾਂ ਜੰਗਲ ਦੀ ਵੀਰਾਨੀ ਹੈ
ਬੜਾ ਕੁਝ ਹੋਣ ਵਾਲਾ ਹੈ ਸੜੇ ਰੁਖਾਂ ਦੀ ਛਾਂ ਭਾਲੋ
ਤੇ ਕੁਲਛੇਤਰ ਤੋਂ ਧੁਰ ਮੁਲਤਾਨ ਤੱਕ ਸਾਲੂ ਦੀ ਛਾਂ ਭਾਲੋ
ਕਿਤੇ ਬੱਦਲੀ ਨਹੀਂ ਦਿਸਦੀ, ਕਿਤੇ ਬੱਦਲ ਨਹੀਂ ਵੱਸਦਾ
ਜੋ ਥਲ ਤੇ ਪੌਣ ਵੱਗੀ ਹੈ ਉਹ ਬੇਪੀਰੀ ਸਿਆਣਪ ਹੈ
ਜੋ ਕਲ੍ਹ ਨੂੰ ਹੋਣ ਵਾਲਾ ਹੈ
ਉਹ ਵੰਡ ਨਾਲੋਂ ਭਿਆਨਕ ਹੈ
ਮਹਿਜ਼ ਲਿੱਪੀ, ਸ਼ਰ੍ਹਾ ਜਾਂ ਪਤ ਗੁਆਚੀ
ਦਾ ਉਲਾਰੂ ਹੇਰਵਾਂ, ਨਾਂ ਜੱਗ ਰੁਆਇਆ ਹੈ
ਬੜਾ ਹੀ ਜਤਨ ਕਰਕੇ
ਘਰ ਨੂੰ ਆਪਣਿਆਂ ਨੇ ਮੁਕਾਇਆ ਹੈ
ਹਜ਼ਾਰਾਂ ਸਾਲ ਮੋਇਆਂ ਸਾਰ ਨਾਂ ਪੁੱਛੀ, ਦਾ ਸਾਇਆ ਹੈ
ਤੁਸੀਂ ਧਨ ਜੋਬਨਾ ਲੁੱਟੋ, ਵਤਨ ਸਭ ਨੂੰ ਪਰਾਇਆ ਹੈ

ਜੋ ਡੰਗ ਪਿਛਲੀ ਸਦੀ ਵਿਚ
ਲੇਖ ਬਣਕੇ ਲੜ ਗਿਆ ਤੈਨੂੰ
ਉਹ ਡੰਗ ਲੱਖਾਂ ਸਰਾਪਾਂ ਦਾ
ਘਰਾਂ ਵਿਚ ਉਤਰ ਆਇਆ ਹੈ
ਉਜਾੜਨ ਵਾਲਿਆਂ ਵਿਚ ਗੈਰ ਦਾ ਨਾਂ ਜ਼ਿਕਰ ਕਰ ਐਵੇਂ
ਮੈਂ ਇਸ ਬਣਵਾਸ ਨੂੰ ਆਪੇ ਸਿਰਜ ਕੇ ਆਪ ਗਾਇਆ ਹੈ

ਮੇਰੇ ਪੰਜਾਬ ਨੂੰ ਪਰਦੇਸ ਸੱਚ ਹੀ ਆਖਦੇ ਲੋਕੀ
ਤੂੰ ਇਹਨੂੰ ਪਿਆਰ ਕਹਿਕੇ ਐਵੇਂ ਦਿਲ ਦਾ ਰੋਗ ਲਾਇਆ ਹੈ
ਜੋ ਘਰ 'ਚੋਂ ਉਡਕੇ ਜਾਂਦੇ ਨੇ ਬੱਚੜੇ ਪਾਰ ਸਾਗਰ ਤੋਂ
ਉਨ੍ਹਾਂ ਤੋਂ ਪੁੱਛ ਕੇ ਵੇਖੋ...

ਵਤਨ ਕਿੰਨਾ ਪਰਾਇਆ ਹੈ
ਮੈਂ ਭਾਵੀ ਸੋਚ ਨੂੰ ਵੰਗਾਰਦਾ ਰਾਵੀ ਕਿਨਾਰੇ ਤੇ
ਕਿ ਹੁਣ ਬੇੜੇ ਦਾ ਮਾਝੀ ਕੌਣ ਹੈ ਡੁੱਬਦੇ ਕਿਨਾਰੇ ਤੇ

ਕਵੀ ਆਖੇ ਪੁਰਾਣੇ ਪਿੰਡ ਨੂੰ ਪੰਜਾਬ ਕਹਿੰਦੇ ਨੇ
ਜੋ ਮਰਲੇ ਚਾਰ ਵਿਕਣੋ ਰਹਿ ਗਏ ਤਾਂ ਨਜ਼ਮ ਕਹਿੰਦੇ ਨੇ
ਕਿਵੇਂ ਦੱਸਾਂਗੇ ਚੰਨਾਂ ਚੰਨ ਨੂੰ ਪੰਜਾਬ ਕਹਿੰਦੇ ਨੇ
ਉਹ ਤੈਨੂੰ ਕੱਚ ਕਹਿੰਦੇ ਨੇ ਜਾਂ ਤੈਨੂੰ ਖ਼ਾਬ ਕਹਿੰਦੇ ਨੇ

ਮੇਰੇ ਪੰਜਾਬ ਦਾ ਚਾਨਣ ਚੜ੍ਹੇ ਹਰ ਇਕ ਸਿਤਾਰੇ ਤੇ
ਕਰੋੜਾਂ ਸਰਘੀਆਂ ਦੇ ਤਾਜ ਐ ਪੰਜਾਬ ਤੇਰੀ ਖ਼ੈਰ !
ਤੂੰ ਚੌਦਾਂ ਤਬਕ ਦਾ ਸੂਰਜ ਬਣੇ ਪੰਜਾਬ ਤੇਰੀ ਖ਼ੈਰ !

•

## ਕਾਫ਼ਲੇ ਦੀ ਆਮਦ ਇਕ ਦ੍ਰਿੱਸ਼ :
## 1947: ਸਾਵਣ-ਭਾਦਰੋਂ

ਸੰਤਾਲੀ ਦੇ ਕਾਫ਼ਲੇ
ਮਿਲੇ ਗਲਾਂ ਨੂੰ ਧਾ

ਸ਼ਿਕਰੇ ਲੋਭੀ ਜਾਨ ਦੇ
ਮੈਂ ਰੱਖਦੀ ਸਮਝਾ

ਢੱਕੀ ਜੂਹਾਂ ਟੱਪ ਕੇ
ਗਿਆ ਕਾਫ਼ਲਾ ਆ

ਚੋਬਰ ਮੇਰੇ ਪਿੰਡ ਦੇ
ਗੱਲ ਵਿੱਚ ਪਲੂ ਪਾ

ਸਿਰ ਤੇ ਲੰਗਰ ਚੁੱਕਿਆ
ਸੀਨੇ ਵਿੱਚ ਦੁਆ

ਗੱਲ ਲੱਗ ਮਿੱਟੀਏ ਮੇਰੀਏ
ਮਿਲ ਵੀਰਾਂ ਨੂੰ ਧਾ

ਬੰਨੇ ਰੁਕਿਆ ਕਾਫ਼ਲਾ
ਬਾਗੀਂ ਰੁਕੀ ਬਲਾ

ਰੱਤਾ ਬੱਦਲ ਕੜਕਦਾ
ਵਿੱਚ ਬੂੰਦਾਂ ਠਾਹ ਠਾਹ

ਮਿੱਟੀ ਪਾਣੀ ਰੱਤ ਦੀ
ਮੋਇਆ ਰੱਤੀ ਭਾਅ

ਜੀ ਆਇਆਂ ਨੂੰ ਵੀਰਨੋਂ
ਲਈਏ ਸ਼ਗਨ ਮਨਾ

ਸੁੱਖੀਂ ਵੱਸੋ ਪੁੱਤਰੋ
ਮਾਵਾਂ ਕਰਨ ਦੁਆ

ਆਓ ਪੰਗਤ ਲਾਵੀਏ
ਲੰਗਰ ਛਕੋ ਅਥਾਹ

ਰਾਠ ਰਾਵੀ ਦੇ ਉਤਰੇ
ਸਤਲੁਜ ਰਿਹਾ ਮਨਾ

ਵਾਹਿਗੁਰੂ ਕਹਿ ਛਕ ਲਿਆ
ਲੰਗਰ ਦਾ ਫੁਲਕਾ

ਬੱਚੇ ਮੇਰੇ ਪਿੰਡ ਦੇ
ਹੈਰਾਨੇ ਚੁਪ ਚਾਪ

ਅਜੇ ਤੀਕ ਨਹੀਂ ਲੱਥਿਆ
ਚੜ੍ਹਿਆ ਐਸਾ ਤਾਪ

ਪੁੱਛਿਆ ਭੋਲੇ ਬਾਲ ਨੇ
''ਥੋਡਾ ਕਿਹੜਾ ਦੇਸ''

ਓਦਰ ਧੀਆ ਆਖਦੀ
''ਦੇਸਾਂ ਵਿੱਚ ਪਰਦੇਸ''

ਹੁਣ ਵੀ ਡਰ ਡਰ ਉੱਠੇ ਬਾਲਕ
ਵੇਖ ਸਕੇਂ ਤਾਂ ਵੇਖ

ਪਿੱਪਲ ਉਜੜੀ ਜੂਹ ਦਾ
ਜ਼ਾਮਨ ਬਾਲ ਵਰੇਸ

ਹੁਣ ਕਿਥੋਂ ਦਾ ਵੱਸਣਾ
ਹੇ ਦੁੱਖਾਂ ਦੇ ਦੇਸ !

ਉਜੜੇਸਾਂ, ਪਰ ਜਾਣਾ ਕਿੱਥੇ ?
'ਸਾਹਿਬ ਸੱਚੇ ਵੇਖ'

ਕਦ ਘਰ ਨੂੰ ਛੱਡ ਜਾਵਣਾ
ਕਦ ਮੁੱਕਣੇ ਪਰਦੇਸ

ਏਨੇ ਰੁੱਸੇ ਭਾਗ ਵੇ
ਦੇਸ ਬਣੇ ਪਰਦੇਸ

ਭਾਵੇਂ ਏਥੇ ਵੱਸ ਗਏ
ਛੱਡਕੇ ਰੰਗਲੇ ਦੇਸ

ਫਿਰ ਵੀ ਸੁਪਨਾ ਵਿਲਕਦਾ
ਨਾ ਜਾਈਂ ਪਰਦੇਸ

ਕਥਾ ਪੁਰਾਣੀ, ਸੱਜਰੀ ?
ਕੀ ਆਖੇ ਦਰਵੇਸ਼

ਬਿਰਹਾ ਦੇ ਸੁਲਤਾਨ ਵੇ
ਲਿਖ ਜਾ ਸਾਡੇ ਲੇਖ

ਏਹੁ ਹਮਾਰਾ ਜੀਵਣਾ
ਤੂ ਸਾਹਿਬ ਸਚੇ ਵੇਖੁ।।*

---

*ਸ਼ਲੋਕ ਫ਼ਰੀਦ ਅੰਗ ।। **੧੩੭੯** ।।

•

## ਮੇਲੇ ਨੇ ਸਭਿਆਚਾਰ ਦੇ

ਪਿਆਰ ਨੂੰ ਕੀ ਹੋ ਗਿਆ
ਸੰਗੀਤ ਦੀ ਥਾਂ ਸ਼ੋਰ ਹੈ
ਜਿਥੇ ਗ਼ੁਨਾਹ ਵੀ ਪੈਰ ਧਰਨੋ ਸੰਗਦਾ
ਥਾਂ ਹੋਰ ਹੈ

ਸੱਜੂ ਖੱਬੂ ਰਾਠ ਸੋਹਣੇ
ਮਰਨ ਨੂੰ ਨਿਕਲੇ ਘਰੋਂ
ਆਪਣਾ ਵਿਹੜਾ ਸਾੜ ਹੱਥੀਂ
ਬਾਦਸ਼ਾਹ ਨਿਕਲੇ ਘਰੋਂ

ਮੁੜਾਂਗੇ ਇਸ ਧਰਤ ਦੀ
ਇੱਜਤ ਦੇ ਦੋਖੀ ਮਾਰ ਕੇ
ਮੁੜਾਂਗੇ ਮਚਦੇ ਸਮੇਂ ਦੇ
ਭਾਂਬੜਾਂ ਨੂੰ ਠਾਰ ਕੇ

ਤੇਰੇ ਲਈ ਭੁੱਲੇ ਨੇ ਉਹ
ਉਹ ਕਾਮ ਦੇ ਕੀੜੇ ਨਾ ਸੀ
ਲੱਜਾ ਦੇ ਸੰਗਰਾਮ ਤੋਂ
ਬੂਹੇ ਕਦੇ ਭੀੜੇ ਨਾ ਸੀ

ਚਾਨਣ ਉਨ੍ਹਾਂ ਦਾ ਜਸ਼ਨ ਸੀ
ਤੂੰ ਮਾਣ ਕਰ ਵਡਦਾਨਿਆ
ਏਨਾ ਸਮੇਂ ਨੇ ਠਾਰਤਾ
ਨਖਰਾ ਤੇਰਾ ਬੇਗ਼ਾਨਿਆ

ਕੀ ਜਵਾਨੀ ਹੈ
ਜੋ ਵਣ ਦੇ ਪੱਤਿਆਂ ਜਿਉਂ ਝੜ ਗਈ
ਕੀ ਕਹਾਣੀ ਹੈ ਜੋ ਤੇਰੀ
ਵਾਂਗ ਲੰਕਾ ਸੜ ਗਈ

ਬੰਨੇ ਚੰਨੇ ਖੁਰ ਗਏ
ਰਾਵੀ ਝਨਾਂ ਕੋਹੇ ਗਏ
ਦੱਸ ਕੀਕੂੰ ਹੀਰੇ ਨੀ
ਦਰਿਆ ਤੇਰੇ ਖੋਹੇ ਗਏ

ਘਰਾਂ ਨੂੰ ਪਰਤੇ ਤੁਸੀਂ
ਤਾਂ ਚਕਲਿਆਂ ਦੀ ਭੀੜ ਸੀ
ਹਸ਼ਰ ਦਾ ਸੁਰਤਾਲ ਸੀ
ਨੰਗੇ ਬਦਨ ਦੀ ਪੀੜ ਸੀ

ਚੀਣਾ ਚੀਣਾ ਗੀਤ ਵਿਲਕੇ
ਵੇਦਨਾ ਦਿਲਚੀਰ ਸੀ
ਸ਼ਹਿਰ ਨਿਰਮੋਹਾ ਸੀ
ਰੁਲਦੀ ਜ਼ਿੰਦਗੀ ਦਿਲਗੀਰ ਸੀ

ਵਰਜਿਆ ਫੁੱਲਾਂ ਨੂੰ ਬਾਗਾਂ ਨੂੰ
ਸੁਬ੍ਹਾ ਦੀ ਪੌਣ ਨੇ
ਪੰਛੀਆਂ ਦੇ ਗੀਤ ਨੇ
ਨੈਣਾਂ ਚੋਂ ਝਰਦੇ ਸੌਣ ਨੇ

ਨਾਂ ਅਰਸ਼ ਨੇ ਸਾਥ ਦਿਤਾ
ਧਰਤ ਕੰਡਿਆਰੀ ਰਹੀ
ਸਾਡੇ ਬਿਨਾਂ ਸਭ ਖ਼ਲਕ ਨੂੰ
ਬੱਸ ਨੀਂਦ ਹੀ ਪਿਆਰੀ ਰਹੀ

ਕੌਣ ਆਖੇ ਕੌਣ ਵਰਜੇ
ਡੁੱਬਦੇ ਬੇੜੇ ਦੀ ਖ਼ੈਰ
ਹੇ ਮੁਹੱਬਤ ਦੇ ਮਲਾਹ
ਤੇਰੇ ਮੋਹ ਭਰੇ ਨੈਣਾਂ ਦੀ ਖ਼ੈਰ

ਬੇਲੇ ਬੇਲੇ ਅੱਗ ਬਲਦੀ ਹੈ
ਵਿਕਾਊ ਹੁਸਨ ਦੀ
ਵਿਹੜੇ ਵਿਹੜੇ ਲਾਜ ਉੱਡੇ
ਗਿੱਧਿਆਂ ਦੇ ਜਸ਼ਨ ਦੀ

ਆਸ਼ਕਾਂ ਦੀ ਸਾਦਿਕਾਂ ਦੀ
ਚਾਨਣੀ ਵਿਕਦੀ ਰਹੀ
ਮੇਲੇ ਨੇ ਸਭਿਆਚਾਰ ਦੇ
ਪਤ ਸਾਹਮਣੇ ਵਿਕਦੀ ਰਹੀ

ਜੁਗਾਂ ਤੋਂ ਮਹਿੰਗੀ ਸ਼ਾਨ ਸੀ
ਮੇਲੇ ਸੀ ਸਭਿਆਚਾਰ ਦੇ
ਅੱਜ ਹਰ ਥਾਂ ਵੈਣ ਕਿਉਂ
ਪੰਜਾਬ ਆਪਣੀ ਹਾਰ ਦੇ

ਰੂਹ ਮਹਾਂਮਾਰੀ ਪਈ
ਦਿਲ ਉਜੜਿਆਂ ਦੇ ਭੇਤ ਨੇ
ਨਾਦਾਨੀਆਂ ਦੇ ਜਸ਼ਨ ਨੇ
ਬਰਬਾਦੀਆਂ ਦੇ ਖੇਤ ਨੇ

ਇਹ ਕੇਹਾ ਪੰਜਾਬ ਯਾਰੋ
ਨਿੱਘਰੀ ਨਗਰੀ ਹਨੇਰ
ਸਾਡੇ ਸੁਪਨੇ ਦਾ ਪੰਜਾਬ
ਵਿਸ਼ਵ ਦੀ ਚੜ੍ਹਦੀ ਸਵੇਰ

ਸ਼ਾਇਰਾ ਕਿਉਂ ਸੌਂ ਗਿਆ
ਗਾ ਗਾ ਫ਼ਨਾਹ ਦੇ ਗੀਤ ਨੂੰ
ਧਰਤੀ ਉਡੀਕਾਂ ਕਰ ਰਹੀ
ਗਾ ਜ਼ਿੰਦਗੀ ਦੇ ਗੀਤ ਨੂੰ

•

# ਅੱਗ ਨਾ ਦੂਰੀ ਪੁੱਛਦੀ

ਅੱਗੇ ਡਰ ਸੀ ਓਪਰਾ
ਹੁਣ ਲੱਥਾ ਡੂੰਘੀ ਥਾਂ
ਪਾਪ ਤਾਪ ਦੇ ਕਹਿਰ ਤੋਂ
ਕੰਬੇ ਰੁੱਖ ਦੀ ਛਾਂ

ਕੀ ਵੀਰਾਂ ਦੀਆਂ ਮਰਜ਼ੀਆਂ
ਕੀ ਬਾਬਲ ਦੀ ਥਾਂ
ਥਾਂ ਥਾਂ ਕਲਚਰ ਵਿਕ ਰਿਹਾ
ਉਜੜ ਗਿਆ ਗਿਰਾਂ

ਮੰਤਕ ਇਹਦੇ ਉਲਟ ਵੀ
ਨਵੇਂ ਮਨੁੱਖ ਦੀ ਖ਼ੈਰ
ਫਿਰ ਦੱਸ ਕਿਹੜੇ ਜਨਮ ਦਾ
ਹੋਣੀ ਕੱਢੇ ਵੈਰ

ਕੀ ਦੇਸਾਂ ਦੇ ਬਾਦਸ਼ਾਹ
ਕੀ ਦੇਸਾਂ ਦੇ ਪੀਰ
ਡੋਬ ਸਮੇਂ ਦੀਆਂ ਬੇੜੀਆਂ
ਬੰਨ੍ਹੇ ਜਾਣ ਅਖੀਰ

ਬੀਜ ਨਾਂ ਬੀਜੋ ਜ਼ਹਿਰ ਦਾ
ਮਾਸੂਮਾਂ ਦੀ ਰੱਤ
ਅੱਗ ਨਾ ਦੂਰੀ ਪੁੱਛਦੀ
ਸਾੜੇ ਜੜ ਤੇ ਪੱਤ

ਪਾਪੋਂ ਪੁੰਨ ਨਾ ਉੱਗਦਾ
ਪੈਣ ਨਾ ਮਿਠੇ ਬੂਰ
ਦੇਹ ਮੰਡੀ ਦੇ ਆਸ਼ਕੋ
ਮਰਨਾ ਪਊ ਜ਼ਰੂਰ

ਟੋਟੇ ਟੋਟੇ ਹੋ ਗਿਆ
ਫੁੱਲ ਵਰਗਾ ਇਹ ਦੇਸ਼
ਥਾਂ ਮਾਰਨਗੀਆਂ ਹੋਣੀਆਂ
ਕਾਲੇ ਮੈਲੇ ਵੇਸ

ਥਾਂ ਥਾਂ ਮੋਏ ਸੂਰਮੇ
ਧੁਪੀਂ ਚਮਕੇ ਘਾ
ਮੁਸ ਮੁਸ ਰੋਵਣ ਗੋਰੀਆਂ
ਰੰਗਲਾ ਚੂੜਾ ਪਾ

ਸੋਮਨਾਥ ਤੋਂ ਬਾਮਿਆਨ
ਮੰਗ ਬੁੱਤਾਂ ਦੀ ਖ਼ੈਰ
ਅੱਜ ਵੀ ਧਰਤੀ ਚੋਰ ਦੀ
ਸਹਿ ਅੰਨ੍ਹਿਆਂ ਦਾ ਵੈਰ

ਜਲ ਥਲ ਪੈਸਾ ਗਾ ਰਿਹਾ
ਦੇਹ ਵਿਕਦੀ ਜਾਂ ਦਾਦ
ਖਾਰੇ ਸਾਗਰ ਪੱਛਿਆ
ਸ਼ਹਿਰ ਕਰੇ ਫ਼ਰਿਆਦ

ਤਾਰਾ ਪੁਛੇ ਰਾਤ ਨੂੰ
ਛੰਭ ਠਰਿਆ ਠਰਿਆ
ਘਰ ਬੇਨਾਮਾ ਉਜੜਿਆ
ਪਰ ਅਜੇ ਨਹੀਂ ਮਰਿਆ

•

## ਮੇਰੇ ਸ਼ਹਿਰ ਦੀ ਦਾਸਤਾਂ
## ਉਰਫ ਘਰ ਨਹੀਂ ਜਾਣਾ

### ਭਾਗ 2

ਢਲ ਗਈ ਪੂਰਬ ਦੀ ਛਾਂ
ਤਾਰਾ ਤਾਰਾ ਪੱਥਰਾਂ ਦੀ ਤਿੱਖੀ ਪੱਛੀ ਛਾਂ
ਪੱਤਰ ਤਿੜਕਦੇ ਥਾਂ ਥਾਂ
ਸੰਘਣੇ ਬਣੋਟਿਆਂ ਦੇ ਹੇਠ ਰੁਤਾਂ ਲੰਘੀਆਂ ਬਿਨਬੋਲ ਗਈਆਂ ਦੂਰ
ਕੋਈ ਗਿਰਾਂ ਸੀ ਆਪਣਾ, ਯਾਦ ਮੁਰਾਦੋਂ ਦੂਰ
ਤੂੰ ਵੇਖਣੇ ਨੂੰ ਆ ਭਲਾ
ਜ਼ਾਮਨ ਬਣੇ ਦਰਿਆ

ਰੁਤ ਬਸੰਤ, ਵੱਡੀ ਮਜ਼ਬੂਰੀ
ਖਿੜ ਪਿਆ ਮਮਟੀ ਦਾ ਚੰਨ
ਨੀਲਾ ਅੰਬਰ ਸੁੱਤਾ, ਜਾਗਣ ਆਲ੍ਹਣੇ ਦੇ ਬੋਟ
ਧਰਤੀ ਸ਼ੱਕਰ ਭੂਰੀ, ਹਰੀ ਕਚੂਰ

ਚੀਕਣੀ ਮਿੱਟੀ, ਬਲਾ ਵਿਥ ਕਾਲ ਦੀ, ਕੰਧ ਚਿੱਤਰ ਭਾਲਦੀ,
ਕੋਮਲ ਕਲਾ ਬੇਤਾਲ ਦੀ
ਨਿੱਸਰੀ ਬਰੇਤੀ ਚਾਰਸੂ
ਕਿਲ੍ਹੇ ਦੀ ਦੀਵਾਰ ਵਿਚੋਂ ਕੰਧ ਚਿਤਰ ਭੁਰ ਗਏ
ਕੁਝ ਉਧਲਿਆਂ ਨਾਲ ਤੁਰ ਗਏ
ਰੰਗਾਂ ਦੇ ਭੋਲੇ ਅੱਥਰੂ ਕਿਊਂ ਚਾਨਣੀ ਵਿੱਚ ਖੁਰ ਗਏ
ਇਹੋ ਸਹੀ ਇਸ ਸ਼ਹਿਰ ਦਾ ਸੁਰਤਾਲ

ਢਹਿ ਗਏ ਦਰਵਾਜ਼ਿਆਂ ਦਾ ਸ਼ਹਿਰ ਮੇਰਾ
ਰਾਤ ਕਾਲੀ ਸ਼ਾਹ, ਕਹਿਰ ਬੇਤਾਲ ਦਾ

ਖੜਕਦਾ ਨਲਕਾ, ਸੂਈ ਬਾਜ਼ਾਰ ਦਾ
ਜਾਮਣਾਂ ਸਿਰ, ਇਮਲੀਆਂ ਦੀ ਛਾਂ
ਸ਼ੇਰ ਮੁਖੀਆ ਦਰ
ਸਰਾਂ ਦਾ, ਬਿਫਰਿਆ ਚਿਰਕਾਲ ਦਾ

ਕੁਝ ਸਾਏ ਬੁਰਜ ਦੇ ਉਪਰ ਬੜਾ ਘਮਸਾਨ ਮਚਿਆ ਹੈ
ਉਚਿਆਂ ਬੁਰਜਾਂ ਤੋਂ ਬਿਜਲੀ ਵਾਂਗ
ਕੜਕੀ ਚੀਕ, ਲੰਮੀ ਚੀਰਵੀ, ਚੀਖ਼ ਸਿਵਿਆਂ ਤੀਕ ਲੰਮੀ
ਪੰਛੀ ਨੇ ਅੱਧੀ ਰਾਤ ਮਰਨਾ ਹੈ, ਮੈਂ ਸੁਣਿਆ ਹੈ
ਮੈਂ ਉਸ ਦਾ
ਨਾਮ ਧਰਨਾਂ ਹੈ
ਮੈਂ ਉਸ ਦਾ ਰੂਪ ਜਰਨਾ ਹੈ
ਕੂੰਜ ਦੀ ਲੰਮੀ ਕਹਾਣੀ, ਰੱਤ ਨਹੀਂ, ਪਾਣੀ ਹੈ ਪਾਣੀ
ਲਿਖਾਂ ਤਾਂ ਲਿੱਖੀ ਨਾਂ ਜਾਣੀ
ਕਿਵੇਂ ਵੀ ਕਵਿਤਾ 'ਚ ਜੜੀਏ
ਕਿਸ ਤਰ੍ਹਾਂ ਕੱਫ਼ਨ 'ਚ ਮੜ੍ਹੀਏ
ਅਜੇ ਮੈਂ ਨਾਮ ਨਹੀਂ ਧਰਿਆ
ਸਦਾ ਘੁੱਗੀਆਂ ਨੇ ਮਰਨਾ ਹੈ
ਮੈਂ ਉਸਦਾ ਗੀਤ ਜਰਨਾ ਹੈ

''ਜੀਵੇਂ ਸਿਰਾਂ ਉਤੇ ਹੱਲ ਪਏ ਵਾਂਹਦੇ''
ਤੇ ਅਸੀਂ ਪਹੇ ਸਾਂਹਦੇ
ਜੀਵੇਂ ਢੋਲਾ
ਵੱਗੇ ਪੁਲਾਂ ਦੇ ਉਤੋਂ ਉਤੋਂ ਪਾਣੀ
ਛਾਂ ਫੱਗਣ ਦੀ ਮਾਣੀ ਨਾਂ ਮਾਣੀ
ਕਿਵੇਂ ਉਜੜੀ ਢੋਕ ਪੁਰਾਣੀ
ਭਲਾ ਮੈਨੂੰ ਤੇਰੀ ਸੌਂਹ, ਜੀਵੇਂ ਢੋਲਾ
''ਜੀਵੇਂ ਸਿਰਾਂ ਉਤੇ ਹੱਲ ਪਏ ਵਾਂਹਦੇ''
ਤੇ ਅਸੀਂ ਪਏ ਸਾਂਹਦੇ, ਜੀਵੇਂ ਢੋਲਾ
ਜ਼ਿੱਦੀ ਸਮੇਂ ਦੀ ਜਰਜਰੀ ਦੀਵਾਰ

ਢੋਰ, ਬੰਦੇ ਨੀਂਦਰਾਂ ਭੰਨੇ ਹਿਰਾਸੇ ਲੋਕ
ਕਿਰਤ ਦੇ ਹੱਥੌੜਿਆਂ ਭੰਨੇ ਨਸੀਬ
ਨੀਂਦ ਦਾ ਠੱਕਾ ਵਗੇ ਥਾਂ ਥਾਂ
ਪਹਾੜੀ ਬਾਰੀਆਂ, ਕੋਈ ਬੇ ਚਿਰਾਗਾਂ ਬੁਰਜੀਆਂ
ਫਿਰ ਵੀ ਕੁਝ ਆਪਣਾ ਜਿਹਾ, ਕੁਝ  ਅਲਵਿਦਾ
ਸ਼ਹਿਰ ਦਾ ਵੱਖਰਾ ਹੈ ਨਾਂ, ਮਿੱਟੀ ਦਾ ਵੱਖਰਾ ਨਿਸ਼ਾਂ,
ਕੜਵਾ ਜਿਹਾ ਬੇਦਰਦੀਆ ਅਨੁਰਾਗ
ਮੇਰੇ ਸ਼ਹਿਰ ਦਾ
ਜਾਗਣਾਂ ਏਦਾਂ ਕਿ ਦਿਲ ਦੁਖਦਾ
ਜਾਂ ਪਲਕਾਂ ਦੁਖਦੀਆਂ
ਕੀ ਖਬਰ ਅਖਬਾਰ ਦੀ
''ਅਹੋ ਰਾਮ ਭੂਖਾ ਸੋਈਲੇ ਸੰਸਾਰ
ਮੋਰਵਾ ਰੋਵੇ ਕੋਕਿਲਾ ਰੋਵੇ
ਬੇਲੇ ਮੇਂ ਰੋਵੇ ਰੇ ਸੁਹਾਗ
ਹੋ ਰਾਮਾ ਰੰਗ ਲਾਗਿਓ ਰੇ
ਸੂਖਨ ਲਾਗੇ ਬੇਲਾ ਕਲੀਆਂ
ਰੂਠਨ ਲਾਗੇ ਭਾਗ
ਜਾ ਬਿਧਿ ਚੰਦਨ ਨਾਗ ਡਸਤ ਹੈ
ਚੰਦਾ, ਬਨ ਮਾਂ, ਦਾਗ਼ ਦਾਗ਼ !''
ਗਾਵੇ ਦਾਸ  ਕਮਾਲ, ਪੁੱਤ ਕਬੀਰ ਦਾ ਬੇਦਾਗ਼
ਹੋ ਰਾਮਾ ਰੰਗ ਲਾਗਿਓ ਰੇ।''
ਰਾਤ ਦੀਵਾਨੇ ਜੁੜੇ
ਕੋਈ ਜੋਗੀ ਵਾਲਾ ਵੇਸ
ਕਾਹਨੂੰ ਗਏ ਪਰਦੇਸ, ਕਿ ਮੈਲੇ ਵੇਸ
ਭਗਵਾਂ ਵਗੇ ਦਰਿਆ
ਜ਼ਾਮਨ ਬਣੇ ਦਰਿਆ

ਉਹ ਤੜਪ ਨਗ਼ਮੇ ਦੀ
ਜਿਸਦੀ ਕੀਰਤੀ ਬੇਦਾਗ਼
ਭਾਗ ਧਰਤੀ ਦੇ ਉਹ ਜੋਗੀ
ਧੁਰਾਂ ਤੋਂ ਬੇਲਾਗ਼
ਫਟੇ ਪੈਰੀਂ, ਸਿਰਾਂ 'ਤੇ ਮੈਲੀਆਂ ਪੱਗਾਂ

ਮਸਤਕ ਰਾਠ, ਨੈਣੀਂ ਚਾਨਣਾ, ਅਨੁਰਾਗ
ਕੀਰਤੀ ਅਪਕੀਰਤੀ ਉਹਨਾਂ ਦਾ ਵੱਡਾ ਭਾਗ
ਪੁਸਤਕਾਂ ਦਿਆਂ ਵਣਾ ਵਿਚੋਂ ਮਟਕ ਚਾਨਣ ਚੋਂ, ਸਦਾ ਹੀ
ਭਿੰਨੇ ਨੈਣਾਂ ਜਗਮਗਾਂਦੇ, ਜਾਗਦੇ
ਸ਼ੋਰ ਤੋਂ ਦਿਲਜ਼ਾਰੀਆਂ ਤੋਂ
ਪਾਰ ਵੱਸਣ ਯਾਰ, ਤਾਰਿਆਂ
ਦੀ ਗਮਕ ਬਣਕੇ
ਜ਼ਿੰਦਗੀ ਦੇ, ਮੌਤ ਦੇ, ਤਕੀਏ
ਮਸਤ ਬਾਜ਼ੂ ਲਡਾਂਦੇ
ਹੁਸਨ ਤੋਂ ਥੋੜਾ ਪਿਛਾਂਹ
ਮੌਤ ਤੋਂ ਥੋੜ੍ਹਾ ਅਗਾਂਹ
ਜਸ਼ਨ ਦੇ ਬੇੜੇ ਦੇ ਪੱਤਣ, ਚਮਕਦੇ ਨੇ ਦੂਰ
ਰਚ ਰਹੇ ਗੁੰਮ ਨਾਮ ਅੱਖਰ, ਥਲ, ਗਿਰਾਂ
ਥਾਂ ਕੁਥਾਂ ...ਗੋਸ਼ਾ ਨਸ਼ੀਂ ਕੱਤਣ ਮਹੀਨ
ਕੱਚੀ ਕੰਧੀ, ਵਿਹੜਿਆਂ ਵਿੱਚ ਟੁੱਟੇ ਤਾਰਿਆਂ ਦੀ ਛਾਂ
ਛੇੜ ਕਰਦੇ ਆਦਿ ਮਾਨਵ ਦੀ
ਜਨੂੰਨੀ ਤਾਂਘ ਦੀ
ਮਹਿੰਗੀ ਦਰਦਪ੍ਰਸਤੀ, ਮਸਤੀ ਮਸਤੀ,
ਤਪੀਆ, ਪਿਆਸੇ ਉਹ ਹਿਮਾਲਾ ਪੰਘਰਦੇ
ਵਾਜ ਮਿੱਠੀ ਮਾਰਦੇ
ਰਾਂਗਲੇ ਬਾਂਕੇ ਮਲੰਗ
ਬੇਲੀਆਂ ਤੇ ਕਾਜ਼ੀਆਂ ਦਾ ਵੈਰ ਡੂੰਘਾ
ਘਾਟ ਤੇ ਕਿਸਤੀ ਨਾਂ ਬੰਨ੍ਹਣ ਜਾਣਦੇ
''ਬਾਂਧੋ ਨਾ ਨਾਵ ਇਸ ਠਾਂਵ ਬੰਧੂ
ਦੇਖੇਗਾ ਸਾਰਾ ਗਾਮ ਬੰਧੂ''
ਕਹਿਣਾ, ਨਿਰਾਲੇ, ਮਹਾਂਮਾਨਵ
ਕਵੀ ਦਾ, ਕੀ ਹੁਕਮ ਸਰਕਾਰ ਦਾ ?
ਯਮਨ ਕਲਿਆਣ ਦਾ ਮੁਖੜਾ, ਜਾਂ ਮੁਖੜਾ ਯਾਰ ਦਾ
ਠਰੀ ਕਾਲੀ ਰਾਤ ਸਾਵਣ, ਸੀਨਿਆਂ ਨੂੰ ਠਾਰਦਾ

ਟਿਕੇ ਨਾਂ ਰੂਹ ਕਬੀਲਾ, ਵਡ ਹਠੀਲਾ
ਥੋੜ੍ਹਾ ਜ਼ਾਲਮ, ਬਹੁਤ ਸ਼ਰਮੀਲਾ, ਨਸ਼ੀਲਾ

ਕਹੋ ! ਮੰਝਧਾਰ ਦੇ ਬੰਨਰੇ, ਬੁਰੇ, ਸੱਚੀਂ ਬੁਰੇ !
ਤਾਹੀਓਂ ਤਾਂ ਹਰ ਇਕ ਚੌਂਕ ਤੇ
ਪਾਬੰਦੀਆਂ, ਝਿੜਕਾਂ, ਗਿਲੇ
ਗਾਉਂਦੇ ਬੜਾ ਬਾਰੀਕ, ਜਿਉਂ ਪਰਬਤੀ ਢੱਕੀਆਂ 'ਚ ਬਲਦੀ ਨਿੱਘੀ
ਅੱਗ ਦੀ ਲੀਕ ਚਮਕੇ ਦੂਰ
''ਜੰਮੂ ਕਸ਼ਮੀਰ ਦਾ ਢੱਕ ਲੋਕੋ
ਮਾੜ੍ਹਾ ਪੀਂਹਦੀ ਦਾ ਥੱਕੀ ਗਿਆ ਲੱਕ ਲੋਕੋ'',
ਬੰਨਰੇ ਮੇਰੇ ਪੰਜਾਬ ਦੇ ਜਾਂ ਦੇਸ ਦੇ, ਪਰਦੇਸ ਦੇ
ਕੀ ਆਖੀਏ ? ਕੀ ਵਰਜੀਏ !

ਚਾਹ ਵਾਲੇ ਚੌਂਕ ਦਾ ਢਾਬਾ
ਉਨੀਂਦਾ, ਅੰਨ੍ਹਾ ਕੁੱਤਾ ਭੌਂਕਦਾ !
ਗਲੀਓ ਗਲੀ
ਊਂਘਦੇ ਪਿੱਪਲ ਬਰੋਟੇ
ਚੈਨ ਕਿ ਬੇਚੈਨ
ਊਂਘਦੇ ਕੁਝ ਕੁ ਸਿਪਾਹੀ
ਮਮਟੀਆਂ ਦੀ ਛਾਂ
ਕਰਦੇ ਰਤਾ ਕੁ ਮਸ਼ਕਰੀ
ਠੱਠਾ ਦਰਵੇਸ਼ਾਂ ਦੇ ਨਾਲ
''ਆਓ ਮੁੰਡਿਓ, ਆਓ ਬੈਠੋ ਬੇਲੀਓ
ਅੱਜ ਯਾਰੋ ਕਲ੍ਹ ਤੋਂ ਵੀ ਲੇਟ ਹੋਗੇ
ਵੱਡੇ ਕਿਤਾਬਾਂ ਵਾਲਿਓ
ਓਏ ਪਾੜ੍ਹਿਓ
ਸੌਂ ਲਵੋ ਭੋਰਾ ਨਵਾਬੋ, ਮੂਰਖੋ
ਨੱਠੋ, ਜਾਓ ਘਰਾਂ ਨੂੰ, ਜਾਓ ਮੁੜ ਜਾਓ ਘਰਾਂ ਨੂੰ ਸੌਂ ਲਵੋ
ਜੋ ਲਿਖਿਆ ਵਿਚ ਨਸੀਬ ਦੇ, ਜਾਓ ਜਾਓ ਘਰਾਂ ਨੂੰ
ਜਾਓ ਘਰ ਨੂੰ, ਰਾਤ ਵੱਡੀ ਹੋ ਗਈ
ਜਾਣਦੇ ਥੋਨੂੰ, 'ਲਖਾਰੀ ਓਂ ਲਖਾਰੀ,' ਲਿਖਣ ਦੀ
ਲੱਗੀ ਬਮਾਰੀ, ਕਾਹਦੀ ਐ ਕਵਿਤਾ ਦੀ ਯਾਰੀ, ਦੱਸੋ
ਯਾਰੀ ਕਾਸਦੀ ਕਵਿਤਾ ਦੀ ਯਾਰੀ
ਜਾਓ ਘਰ ਨੂੰ ਰਾਤ ਵੱਡੀ ਹੋ ਗਈ''
ਪੁੱਛ ਲੈਂਦੇ ਪੁਲਿਸ ਵਾਲੇ, ਸ਼ਹਿਰ ਵਿੱਚ ਕੀ ਖੱਟਦੇ ਕੀ ਵੱਟਦੇ?

ਏਨਾਂ ਪੜ੍ਹ ਕੇ ਕੀ ਕਰੋਂਗੇ
ਪਾਣੀ ਪੀ ਪੀ ਮਰੋਂਗੇ
ਜ਼ਿੰਦਗੀ ਭਰ ਠਰੋਂਗੇ
ਕੀ ਕਰੋਂਗੇ ਵੱਡੇ ਪਾੜ੍ਹੇ
ਜ਼ਿੰਦਗੀ ਠੱਗੀ ਨਿਰੀ
ਇਸ ਨੂੰ ਪੜ੍ਹੋ ਤਾਂ ਜਾਣੀਏ
ਜਾਓ ਜਾਓ ਰਾਤ ਵੱਡੀ ਹੋ ਗਈ
ਜਾਓ ਜਾਓ ਘਰਾਂ ਨੂੰ, ਜਾਓ ਜਾਓ ਪਾੜ੍ਹਿਓ, ਜਾਓ ਤੁਰ ਜਾਓ
ਘਰਾਂ ਨੂੰ ?
''ਲੁਕ ਛਿਪ ਜਾਣਾ– ਘਰ ਨਹੀਂ ਜਾਣਾ
ਛਿੜਿਆ ਗੀਤ ਪੁਰਾਣਾ ਘਰ ਨਹੀਂ ਜਾਣਾ''
ਕੌਲ ਪੁਗਾਣਾ'' ਘਰ ਨਹੀਂ ਜਾਣਾ
ਕਣਕ ਦਾ ਦਾਣਾਂ, ਰਾਗ ਪੁਰਾਣਾ ਕਿਸਨੇ ਗਾਣਾ ?
ਘਰ ਨਹੀਂ ਜਾਣਾ
ਆਵੇ ਵੱਡੇ ਦਰਵਾਜੇ ਦੀ ਯਾਦ ਮਾਰਨ ਬੇਲੀ ਹਾਕ ਲੰਮੀਂ
ਲੁਕ ਛਿਪ ਜਾਣਾ ਘਰ ਨਹੀਂ ਆਣਾ, ਘਰ ਨਹੀਂ ਜਾਣਾ !

ਕਿਰਕਿਰੀ ਆਵਾਜ ਗਾਵੇ ਐ ਦਿਲੇ ਬਰਬਾਦ
ਓਥੇ ਮੇਰਾ ਕੱਖਾਂ ਦਾ ਉਦਾਸ ਹੋਇਆ ਆਲ੍ਹਣਾ
ਅਗਨ ਦਿਆ ਬੁੱਲਿਆ ਵੇ
ਤੇਰੇ ਬਿਨਾਂ ਕੰਧਾਂ ਨੇ ਉਦਾਸ ਮੇਰੇ ਪਿੰਡ ਦੀਆਂ
ਪਲ ਭਰ ਸੁਣੀ ਸਾਡੀ ਓਦਰੀ ਕਹਾਣੀ ਵੇ
ਖ਼ਾਕ ਸਾਡਾ ਓਢਣ ਜੁਆਨੀ ਮਰ ਜਾਣੀ ਵੇ
ਨੈਣ ਸਾਗਰਾਂ ਦਾ ਭਲਾ ਨਿਰਮਲ ਪਾਣੀ ਉਏ
ਰੋਗ ਬਦਨਾਮ ਸਾਡਾ
ਪਿਆਸ ਵੀ ਬਿਗਾਨੀ ਓਏ

ਪਰ ਅਸੀਂ ਤਾਂ ਜਾਗਦੇ ਜਾਗਦੇ !
ਪੁੱਛੋ ਤਾਂ ਮਾਰੇ ਭਾਗ ਦੇ
ਹੁਕਮ ਹੈ ਸਰਕਾਰ ਦਾ
ਮੰਨਣਾ ਪਵੇ ਬੇਕਾਰ ਦਾ

# ਕਲਕੱਤਾ ਮੇਰਾ ਸ਼ਹਿਰ

ਕਲਕੱਤਾ ਮੇਰਾ ਸ਼ਹਿਰ, ਮੇਰਾ ਪਿਆਰ
ਰਾਗ ਨਾਂ ਅਨੁਰਾਗ
ਨਾ ਨਿਰੀ ਚਾਂਦਨੀ, ਨਾ ਦਾਗ਼
ਸਾਗਰਾਂ ਦਰਿਆਵਾਂ ਕੰਢੇ
ਬਲਦਾ ਸੋਨੇ ਦਾ ਚਿਰਾਗ਼

ਕੇਤਕੀ, ਜੂਹੀ, ਕਦੰਬ
ਅੰਬਾਂ ਦੇ ਬਾਗ਼ਾਂ 'ਚ ਚਮਕਣ
ਪੱਕੀਆਂ ਇੱਟਾਂ ਦੇ ਤਾਲ
ਕੋਕਿਲਾ ਬੋਲੇ ਡਾਰ ਡਾਰ
ਨੱਚਦੇ ਬਾਊਲ, ਤੰਬੂਰਾ ਧੁਨਕਦਾ, ਆਵੇ ਜੀ ਆਵੇ ਬਹਾਰ !
ਕਲਕੱਤਾ ਮੇਰਾ ਪਿਆਰ
ਭਾਵੇਂ ਭੀੜ ਦਾ ਬਾਜ਼ਾਰ

ਜੱਗੂ ਬਾਬੂ, ਜਾਦਵਪੁਰ, ਬੇਲਵੇਡੀਅਰ, ਬੜਾ ਬਾਜ਼ਾਰ ਡੰਮ ਡੰਮ,
ਹਾਵੜਾ, ਮੈਦਾਨ ਮਹਾਂਜਤੀ ਸਦਨ
ਤਾਰਾ ਸ਼ੰਕਰ ਸ਼ਾਰੋਣੀ, ਜਾਂ ਕਾਲੀ ਘਾਟ, ਤਾਰਾ ਤਾਰਾ, ਨਿੱਘਾ
ਨਿੱਘਾ, ਨੇੜੇ ਨੇੜੇ
ਗੰਗਾ ਕਿਨਾਰੇ ਬਲਣ ਦੀਵੇ, ਭਟਕਿਆ ਸ਼ਾਇਰ ਪਿਆਰਾ
ਦੂਰ ਲੰਮੇ ਪੈਂਡਿਆਂ ਦਾ ਨਾਮ ਕਲਕੱਤਾ
ਕਵੀਆਂ, ਨਾਰਾਂ, ਨਿਰਤਕਾਰਾਂ ਸੁਹਣਿਆਂ
ਵਿੱਚ ਵੱਡੀ ਕੋਮਲ ਨਿਮਰਤਾ, ਮਿੱਟੀ ਦਾ ਰਸ ਕਸ ਰਸੀਲਾ
ਡੂੰਘੇ ਰਸੀਲੇ ਨੈਣ, ਮਦਮਾਤੇ ਜਿਹੇ
ਨਾਰਾਂ ਵਿਚ ਲੱਜਾ, ਸੁਰੀਲੇ ਬਦਨ ਕਾਠੇ ਤਾਲ ਜਾਂ ਮਦਤਾਲ
ਮੋਹ ਭਰੇ ਲੰਬੇ ਵਿਲਾਸੀ ਕੇਸ, ਰਾਹ ਜਾਂਦੇ ਲਿਪਟ ਜਾਂਦੇ
ਦਿਲਾਂ ਦੇ ਨਾਲ
ਕਲਕੱਤਾ ਮੇਰਾ ਸ਼ਹਿਰ, ਮੇਰਾ ਪਿਆਰ !

ਪਰਦੇਸੀਆਂ ਦਾ ਦੇਸ ਤੂੰ
ਦਿਲ ਟੁੱਟਿਆਂ ਦਾ ਪਿਆਰ
ਸਿਸਕਦੀ ਮਿੱਟੀ ਮੇਰੀ
ਬੁੱਕਲ ਤੇਰੀ ਬਾਂਕੀ ਬਹਾਰ

ਮਹਾਂ ਮਾਨਵ, ਮਹਾਂ ਨਗਰੀ, ਮਹਾਂ ਮਨ ਕੋਈ ਸ਼ਹਿਰ ਕਲਕੱਤਾ
ਕਦੇ ਦਰਿਆਓ ਬਣ ਕੇ ਲਹਿਰਦਾ
ਸਾਗਰ ਵਿਛੋੜੇ ਦਾ
ਸੁਨਹਿਰੀ ਗੰਧ ਅੰਬਾਂ ਦੀ
ਬੜਾ ਮੱਧਮ ਜਿਹਾ ਸੁਰ ਕੋਕਿਲਾ ਦਾ
ਬਹੁਤ ਹੀ ਉੱਚਾ ਤੇਰਾ ਪੰਚਮ ਮੁਕਾਮੀ ਬਿਰਹੜਾ
ਪੁਰਾਣੇ ਬਾਗ਼ਾਂ ਵਰਗੀ ਛਾਂ
ਮੇਰੇ ਚੇਤੇ 'ਚ ਥਰਹਰ ਕੰਬਦੀ
ਭੋਲੇ ਪੰਜਾਬ ਦਾ ਬੇਲੀ ਪੁਰਾਣਾ
ਮਾਣ ਮੱਤਾ ਦੇਸ, ਮੇਰਾ ਕਲਕੱਤਾ

ਮਹਾਂ ਨਗਰੀ ਮੇਰੀ,
ਇਹ ਭਾਲੋ ਆਛੇ
ਬੀਟਲ ਹੈ ਜਾਂ ਗਾਂਜਾ ਹੈ
ਜਾਂ ਤੰਤਰ ਵੇਦ ਦੀ ਸੇਜਾ 'ਚ ਲਿਬੜੀ ਕਾਮ ਦੀ ਲੀਲ੍ਹਾ
ਯੌਨ ਰਸ ਲੀਲ੍ਹਾ
ਜਾਂ ਨੀਲੀ ਅੱਗ ਬੁੱਕਲ ਦੀ ਵਿਲਾਸੀ
ਅਕਲੋ ਅਦਬ ਦਾ ਕੋਈ ਕਿਲ੍ਹਾ ਗਰਵੀਲਾ
ਸੰਘਣੇ ਉਚੇ ਤਾਰਿਆਂ ਦਾ
ਪਿਆਰ ਦਾ ਰਸਤਾ ਕੰਵਾਰਾ, ਸਾਂਵਰਾ, ਨੀਲਾ

ਚੀਣਾ ਚੀਣਾ, ਬੇਰਾ ਬੇਰਾ
ਹੋ ਰਿਹਾ ਸੋਹਣਾ ਪੰਜਾਬ, ਜੋ ਉੱਕਾ
ਮਹਾਂ ਨਗਰੀ ਨਾ, ਫਿਰ ਵੀ
ਥਾਂ ਥਾਂ ਬੁੜਿਆ ਬੁੜਿਆ, ਤਿੜਕਿਆ ਜਾਂ ਭਟਕਿਆ,
ਦਰਿਆ ਕਿਨਾਰਾ, ਸਪਤ ਧਾਰਾ
ਚਿਰਾਂ ਤੋਂ ਵਿਛੜਿਆ ਚੰਨਾਂ

ਜੜ੍ਹਾਂ ਤੋਂ ਟੁੱਟ ਨਾਂ ਜਾਵੀਂ
ਮਹਾਂ ਨਗਰੀ ਦਾ ਪੂਰਾ ਪਾਪ ਤੇ ਸੰਤਾਪ
ਹਰ ਥਾਂ ਨੱਚਦਾ, ਮਹਾਂ ਨਗਰੀ ਨਹੀਂ ਪੰਜਾਬ, ਪਰ
ਪੰਜਾਬ ਨੂੰ ਕੀ ਹੋ ਗਿਆ ?
ਮਹਾਂ ਨਗਰੀ ਬੜਾ ਵੱਡਾ ਕਰਿਸ਼ਮਾ ਆਦਮੀ ਦਾ
ਮਹਾਂਸੁਖ ਦਾ, ਅਕਲ 'ਹੰਕਾਰ ਦਾ ਰਸੀਆ
ਟਿਕਾਣਾ ਸਰਬਕਾਲੀ, ਮਹਾਂ ਮਾਨਵ ਜਾਂ ਮਹਾਂਰਸ ਦਾ ਵਿਜੇਤਾ ਹਓਂ
ਕਲਾ ਧਨ, ਜੋਬਨੇ ਚਾਨਣ ਦਾ ਇਹ ਕਾਮੀ ਕੁਬੇਰ
ਮਹਾਂ ਨਗਰੀ ਦਾ ਇਹ ਵਾਦਨ ਤੇ ਗਾਇਨ,
ਬਹੁਤ ਗਹਿਰਾ ਤੇ ਵਿਸ਼ਾਲ
ਆਤਮਾ ਪਰਮਾਤਮਾ ਭੋਲੇ ਜਿਹੇ ਮਸਲੇ
ਮਹਾਂ ਨਗਰੀ ਬੜੀ ਸ਼ੈਅ ਹੈ !
ਬੜੀ ਮਹਿੰਗੀ, ਰਸੀਲੀ, ਭੈਰਵੀ ਮੈਅ ਹੈ

ਧਾ, ਧੁੰਮ, ਕਿਟ, ਮ੍ਰਿਦੰਗ ਗਰਜਦੇ
ਗੱਜਦੇ ਵੱਸਦੇ ਮੇਘਾਂ ਵਾਂਗ
ਮਟਕ ਚਾਨਣ ਦੀ ਬੁਣਤੀ
ਰਾਂਗਲਾ, ਬੰਗਾਲ
ਕਿੱਧਰੋਂ ਕਿਥੋਂ ਤਾਲ ਉਤਰਿਆ
ਬੂੰਦ ਬੂੰਦ, ਡਾਲ ਡਾਲ
ਘਨਾ ਘਨ ਰੇ, ਛਮਾ ਛਮ ਰੇ, ਘਨਾਂ ਘਨ
''ਮੋਨੇ ਹੋਲੋ, ਭਾਲੋ ਆਛੇ, ਭਾਲੋ ਆਛੇ''
ਨਿਰੰਤਰ ਮੇਘਲਾ, ਸੁਰਤਾਲ, ਭੈਰਵ ਤਾਲ
ਹੇ ਭੁੱਲ ਜਾਣੇ ਦਿਲਾ ਨਹੀਂ, ਭੁੱਲਦਾ ਬੰਗਾਲ !
ਸੁਰਤਾਲ ਵਿਸ਼ਵ ਭਾਰਤੀ, ''ਗਗਨ ਮਾਂਹਿਂ ਆਰਤੀ''
ਉਚੀਆਂ ਜਾਬਰ ਛੱਲਾਂ
ਗੰਗਾ ਤੀਰ
ਨੱਥਣ ਤੇਰੇ ਮਾਂਝੀ
ਛੱਲਾਂ ਅੱਥਰੀਆਂ ਅਣਮੋੜ

ਤੂਫ਼ਾਨਾਂ ਦੇ ਸੁਪਨੇ ਗਾ ਕੇ
ਸੁੱਤੇ ਬੱਚੜੇ ਤੇਰੇ, ਪਰ ਤੂੰ ਜਾਗਦਾ

ਸਬਜ਼ੀਆਂ, ਬਾਗਾਂ ਤੇ ਫੁੱਲਾਂ ਨਾਲ ਭੰਵਰਾ ਨੱਚਦਾ
ਬੁਝੇ ਨਾ ਨਾਰੀਅਲ ਦੀ ਪਿਆਸ

ਡਗਮਗ ਡੋਲਦਾ ਹਿੰਡੋਲ
ਗੋਰੀ ਦੇ ਲੰਬੇ ਲੰਬੇ ਕੇਸ
ਪੀਆ ਪਰਦੇਸ, ਉਰਝ ਮੱਤ ਜੱਈਓ
ਮਿੱਟੀ, ਜੋਬਨ, ਸੇਕ
ਮਦਨ ਦੀ ਧੂਣੀ, ਮਾਣੀ
ਪਲ ਭਰ ਆ ਕੇ ਬਹਿ ਜਾ ਵੇ
ਪਦਮਾਂ ਦੇ ਹਾਣੀ !
ਚਾਂਦਨਾ ਵੇ ਸਾਂਵਲਾ

ਵਿਹੜੇ ਮੇਰੇ ਸੁੱਚੇ ਘਿਓ ਦਾ
ਦੀਵਾ ਬਲਦਾ
ਇਹ ਮੇਰਾ ਬੰਗਾਲ ਤਾਂ
ਕੋਈ ਗੀਤ ਦਾ
ਮੁੱਖੜਾ ਅੰਞਾਣਾ
'ਨਾਮ ਰੇਖੇਚੀ ਗੀਤਾਂਜਲੀ'
'ਨਾ ਰੱਖਿਆ ਗੀਤਾਂਜਲੀ'
ਅਸੀਂ ਜੋ ਸਾਂ
ਅਸੀਂ ਕੀ ਸਾਂ ? ਅਸੀਂ ਬੇਨਾਮ
ਭਲਾ ਆਖੋ, ਮੇਰੇ ਮਹਿਰਮ ਅਸੀਂ ਕੀ ਹਾਂ?
ਮੇਰਾ ਪੰਜਾਬ ਮੈਂ ਭਾਲਾਂ
ਮੇਰਾ ਪੰਜਾਬ ਨਹੀਂ ਮਿਲਦਾ
ਚਿਰਾਂ ਤੋਂ ਵਿਛੜੇ ਚੰਨਾਂ
ਜੜ੍ਹਾਂ ਤੋਂ ਟੁੱਟ ਨਾਂ ਜਾਵੀਂ
ਮਹਾਂਨਗਰੀ ਦਾ ਪੂਰਾ ਪਾਪ ਤੇ ਸੰਤਾਪ
ਏਥੇ ਨੱਚਦਾ
ਮਹਾਂਨਗਰੀ ਮੇਰਾ ਪੰਜਾਬ ਨਾ ਸੀ
ਮੇਰਾ ਪੰਜਾਬ ਕਿਥੇ ਹੈ ?
ਮੇਰਾ ਪੰਜਾਬ ਨਹੀਂ ਮਿਲਦਾ

ਮਹਾਂਨਗਰੀ ਦਾ ਪਹਿਲਾ ਤੋੜ ਕਲਕੱਤਾ
ਬੜਾ ਹੀ ਮਾਣ ਮੱਤਾ
ਫਿਰ ਵੀ ਜੜ੍ਹਾਂ ਤੋਂ ਬੀਜ ਤੱਕ
ਆਪਣਾ ਜਿਹਾ, ਇਹ ਚੰਨ ਕਿਸਦਾ ਹੈ !
ਮੇਰਾ ਆਂਚਲ ਤੇਰੇ ਆਂਚਲ ਦਾ ਅੱਥਰੂ
ਲਵੋ ਜੀ ਲੈ ਲਵੋ ਬਿਨਮੋਲ ਹੰਝੂ
ਸੋਨ ਸ੍ਰਿਸ਼ਟੀ, ਸੁਪਨ ਦ੍ਰਿਸ਼ਟੀ
ਵਿਸ਼ਵ ਦ੍ਰਿਸ਼ਟੀ ਭਾਰਤੀ
ਪਦਮਾਂ ਕੰਢੇ ਚੰਨ ਸੁਨਹਿਰੀ ਆ
ਉਤਰਿਆ, ਕੋਲ ਬਿਰਾਜੇ
ਮਹੂਏ ਦੀ ਮਦਮਾਤੀ ਛਾਂ
ਤੇਰੇ ਵੱਲ ਆਏ ਤਾਂ ਥਾਂ ਥਾਂ ਰੁਮਕਦੇ ਕੋਮਲ-ਕਮਾਲ
ਡੂੰਘੇ ਨ੍ਹੇਰੇ ਥਾਂ ਖੁਣੇ
ਬਨ ਤਾਲ, ਭਾਲਣ ਤੁਰੇ ਸਾਂ, ਗ਼ੈਬ ਦੇ ਸੁਰਤਾਲ
ਤੈਨੂੰ ਮਿਲਣ ਤੋਂ ਬਾਦ ਆਪਣੇ
ਘਰ ਦਾ ਰਾਹ ਹੀ ਭੁੱਲ ਬੈਠੇ ਸਾਂ ਕਮਾਲ !
ਰਾਹੋਂ ਭਟਕੇ ਸਾਂ ਕਮਾਲ ! ਤੇਰੀ ਮਿੱਟੀ ਦੇ ਸ਼ਾਕਿਰ ਹਾਂ ਹੇ ਮੇਰੇ ਬਾਂਕੇ ਬੰਗਾਲ
ਭਾਲਣ ਤੁਰੇਂ ਸਾਂ ਗ਼ੈਬ ਨੂੰ
ਰੱਖੀਂ ਦਿਲਾਂ ਦੇ ਨਾਲ ਨਾਲ

ਕਥਾ ਸਿੰਧ ਸਾਗਰੋਂ
ਤੁਰ ਕੇ ਵੜੀ ਮੁਲਤਾਨ, ਰੇਗਿਸਤਾਨ
ਬੜਾ ਕੁਝ ਜਾਣਦਾ ਪੀਰਾਂ ਦਾ ਦੇਸ
ਸੂਹਾ ਸਾਲੂ, ਪਾਕ ਪੱਤਣ ਦੀ ਪਛਾਣ
'ਕੋਈ ਆਵੇ ਨਦੀਆਂ ਛਾਣਦਾ
ਮੇਰਾ ਸਾਲੂ ਧੁਰ ਮੁਲਤਾਨ ਦਾ'
ਵੱਸੇ ਸ਼ਹਿਰ ਲਹੌਰ ਦਾ
ਹੇਠ ਵੱਗੇ ਦਰਿਆ
ਜੋਬਨ ਦੇ ਬੇਲੇ ਵਿੱਚ ਅੜਿਆ
ਚੰਨ ਨੀਵਾਂ ਚੜ੍ਹਿਆ
ਬੁੱਤ ਸੋਹਣੇ ਕੁੱਲ ਆਲਮ ਜਾਣੇ

ਉੱਚੇ ਬੁਰਜ ਚਿਰਾਗ਼ ਕੁੜੇ
ਆ ਲੱਥੇ ਮਹਿਮਾਨ ਦਿਲਾਂ ਦੇ
ਕੁਝ ਸਾਡੇ ਵੀ ਭਾਗ ਕੁੜੇ
ਅੱਜ ਵੀ ਹੱਦਾਂ ਤੋੜ ਕੇ ਵਗਦੇ
ਚਾਨਣ ਦੇ ਦਰਿਆ ਵੇ ਯਾਰ
ਅੰਮ੍ਰਿਤਸਰ ਤੋਂ ਗੰਗਾ ਤੋੜੀ
ਵੱਗੇ ਛੈਲ ਝਨਾ ਵੇ ਯਾਰ
ਦਿਲਾ ਵੇ ਨਿਘਰਿਆ ਤੂੰ
ਮੱਲੀ ਕਿਹੜੀ ਰਾਹ
ਮਾਘ ਦੀਆਂ ਧੁੰਦਾ ਵਿੱਚ ਡੁੱਬੇ ਬਾਗਾਂ ਤੇ ਧੂੰਏ ਦੀ ਲੰਮੀ ਪਾਲ
'ਸਗਲੀ ਧਰਤੀ ਸਾਧ ਕੀ'
ਰੰਗ ਲੀਲ੍ਹਾ ਤੋਂ ਪੁਰਾਤਨ, ਬੰਗ-ਲੀਲ੍ਹਾ
ਪੁਰਾਤਨ ਤੋਂ ਨਵੇਲਾ ਪਲ
ਵਿਥ ਤੋਂ ਜਾਂ ਕਾਲ ਤੋਂ, ਦੋ ਕਦਮ ਅੱਗੇ ਰੁਮਕਦਾ ਮੇਰਾ ਬੰਗਾਲ
ਨਿਰਾ ਪਰਦੇਸ਼ ਨਾ ਬੰਗਾਲ ਇਹ ਤਾਂ ਦੇਸ ਹੈ ਆਪਣਾ ਮੇਰਾ

ਚੁਮਾਸਾ ਮੇਘ ਬਣਕੇ ਇਹ
ਦਿਲਾਂ ਨੂੰ ਘੇਰ ਲੈਂਦਾ ਹੈ
ਬੜੀ ਭੁੱਖ ਹੈ ਬਹੁਤ ਦੁੱਖ ਹੈ
ਮਟੀਲੇ ਰਸਤਿਆਂ ਤੇ ਰੜਕਦੀ
ਹੈ ਸਮੇਂ ਦੀ ਕੋਈ ਕਿਰਕਰੀ ਨ੍ਹੇਰੀ
ਮੇਰੀਆਂ ਅੱਖੀਆਂ 'ਚ ਕਸਕੇ ਜ਼ੋਰ
'ਆਮਾਰ ਚੋਖੇਰ ਬਾਲੀ' ਇਹ ਮੇਰਾ ਬੰਗਾਲ
ਬੜਾ ਕੁਝ ਵਿਕ ਗਿਆ ਏਥੇ, ਦਰਦ ਵਿੱਚ ਸਿਸਕਦੇ ਬਾਜ਼ਾਰ
ਵੱਡੇ ਸੰਗਰਾਮੀਆਂ ਦੀ ਦਾਨਾ ਬੀਨਾ ਲੋਅ ਏਥੇ
ਕਵਿਤਾ ਦੀ ਤਾਸੀਰ, ਸੁਰ, ਵੱਡੀ ਅਮੀਰੀ
ਬਹੁਤ ਪਛਤਾਏ ਅਸੀਂ ਨੀ ਗੋਰੀਏ, ਕੀ ਰੱਖਿਆ ਤੇਰਾ ਨਾਂ ?
ਸਰਘੀ ਤੇਰਾ ਨਾਂ ?
ਅਗਨੀ ਤੇਰਾ ਨਾਂ ? 'ਨਾਮ ਰੇਖੇਛੀ ਕੋਮਲ ਗਾਂਧਾਰ'
ਸ਼ੁਨਤੇਪਾਰੀ, ਆਮਾਰ ਕੋਬੀ, ਸ਼ੁਨਤੇ ਪਾਰੀ, ਮੈਂ ਸੁਣਦੀ,
ਮੈਂ ਜਾਣਦੀ ਕਵੀਆ, ਨਾਂ ਰੱਖਿਆ ਕੋਮਲ-ਗੰਧਾਰ
ਆਪਣਾ ਆਂਚਲ, ਰਾਮ ਰਾਖੇ, ਰਾਮ ਰਾਖੇ, ਰਾਮ !

ਸਮਾਂ ਨਚਦਾ ਨਵੇਲਾ ਨਾਚ
ਘੁੰਗਰੂ ਬੰਨ੍ਹ ਕੇ ਲੋਕਾਂ ਦੀ ਸੱਥ ਅੰਦਰ
ਅਮੀਰੀ ਚੇਤਨਾ ਦੀ ਅਣਖ ਦਾ ਦੂਲ੍ਹਾ ਮੇਰਾ ਬੰਗਾਲ
ਸੁਅੰਗਿਨੀ, ਸੁਦੇਸ਼ਨੀ, ਸੁਕੇਸ਼ਨੀ, ਦਿਲਜਾਨ ਗਰਵੀਲਾ
ਸੰਸਕਿਰਤੀ, ਭੋਲਿਆਂ ਨੈਣਾਂ ਦੀ ਰਾਸ
ਕਵੀ ਦੇ ਮਟਕ-ਚਾਨਣ ਸੁਪਨ ਦੀ ਸਾਗਰ ਪਿਆਸ

ਪੰਧ ਕਰਕੇ ਵੇਖ ਮੀਆਂ, ਚੰਨ ਮਿੱਟੀ ਦੇ ਨਿਸ਼ਾਨ, ਕੌਣ ਮੇਟੇ?
ਸਾਂਵਲਾ ਵੇ ਸੁਪਨਿਆਂ ਨੂੰ ਬੂਰ ਦੀ ਡਾਢੀ ਉਡੀਕ, ਵੱਜੇ
ਵੱਜੇ ਢੋਲ ਵਸਾਖ ਦਾ !
ਗੁਲਾਮੀ ਧਨ ਦੀ
ਜੋਬਨ ਦੀ, ਬੇਗ਼ਾਨੀ ਸਭਿਅਤਾ ਦੀ
ਬੜੀ ਸ਼ੈਅ ਹੈ ਪੁਰਾਣੀ ਸੁਆਦਲੀ ਮੈਅ ਹੈ
ਗੁਲਾਮੀ ਵੀ ਬੜੀ ਸ਼ੈਅ ਹੈ
ਜੋਬਨਾਂ ਮੁਕਤੀ ਵੀ ਹੈ, ਭੁਗਤੀ ਵੀ ਹੈ
ਪਰ ਕੈਦ ਵੀ
ਮੈਂ ਆਪਣੇ ਆਪ ਨੂੰ ਪੱਥਰ ਬਣਾ ਕੇ ਪੂਜਿਆ ਹੈ
ਬੁਰਾ ਕੀ ? ਸੀ ਬੁਰਾ ਜੋਬਨ ? ਬੁਰਾ ਧਨ ਜੋਬਨਾ ਕੀਕੂੰ ?
ਗਿਲਾ ਤੇਰੇ ਤੇ ਕੀ ਬੇਪੀਰ, ਹੇ ਪੰਜਾਬ ਦੇ ਗੱਭਰੂ
ਜੋ ਘੁੱਪ ਹਨੇਰੇ ਕਾਲ ਵਿੱਚ
ਸਿਰਜਨਾਂ ਦਾ, ਬੀਜ ਦਾ, ਸੁਪਨਾ ਨਹੀਂ ਲੈਂਦਾ,
ਨਿਰਾ ਬੱਸ ਸ਼ੋਰ ਤਕਵਾ ਬਣ ਗਿਆ ਅਪਣਾ
ਮਹਾਂ-ਨਗਰੀ ਨਹੀਂ ਪੰਜਾਬ, ਚਿੰਤਨ ਮੁੱਢ ਕਦੀਮਾਂ ਦਾ,
ਮੇਰੇ ਪੰਜਾਬ ਦਾ ਸੁਰਤਾਲ ਸੀ ਅੰਗਪਾਲ
ਪਤਝੜਾਂ ਤੁਰੀਆਂ ਨੇ ਉਹ ਫੁੱਲਾਂ ਨੂੰ ਮਾਰਨ ਚੱਲੀਆਂ
ਮਹਾਂ-ਨਗਰੀ ਨਹੀਂ ਸੀ ਕਲਕੱਤਾ
ਮਹਾਂ ਪਲ ਸੀ
ਮਹਾਂ ਮਨ ਸੀ
ਮਨ-ਬ੍ਰਿਦਾਬਨ,
ਮਨ-ਬੰਗਾਲ
ਭਾਲਣ ਤੁਰੇ ਜੋ ਗ਼ੈਬ ਨੂੰ
ਰੱਖੀਂ ਦਿਲਾਂ ਦੇ ਨਾਲ ਨਾਲ

ਤੇਰੇ ਵੱਲ ਆਏ ਤਾਂ ਥਾਂ ਥਾਂ ਰੁਮਕਦੇ
ਫੁੱਲਾਂ ਦੇ ਵਾਂਗ ਡਾਲ ਡਾਲ, ਤਾਲ ਤਾਲ
ਤੈਥੋਂ ਵਿਛੜਕੇ ਆਪਣੇ ਘਰ ਦਾ ਪੰਧ ਨਾਂ ਜੁੜਿਆ ਕਮਾਲ !
ਕਦੋਂ ਬੀਤੇਗੀ ਜੀਵੇਂ ਬੇਜੜੀ ਲੰਮੀ ਹੁਨਾਲ ?
ਬੀਜ ਨੂੰ ਮਿੱਟੀ ਲੁਕੋ ਕੇ ਰੱਖਦੀ, ਨਾਂ ਮਾਰਦੀ
ਬਰਫ਼ ਦੇ ਹੇਠਾਂ ਖਿੜਨ ਸਰਸਬਜ਼ ਪੈਂਡੇ
ਚਾਂਦਨੀ ਡੁੱਬੀ ਘਟਾ ਘਨਘੋਰ, ਤੇਰੇ
ਅੰਬਰਾਂ ਦੇ ਜਲਵੇ, ਜਾਮ ਦੀ ਖ਼ੁਸ਼ਬੋ, ਮੇਰੇ ਨੈਣਾਂ 'ਚ ਲਿਸ਼ਕੇ
* * * * * * *
ਬੂੰਦ ਬੂੰਦ ਹੁਣ ਬਰਸ ਜਾ
ਵਤਨਾਂ ਦੀ ਖ਼ੁਸ਼ਬੋ
ਰਾਹੀਆ ਰਾਹੇ ਜਾਂਦਿਆਂ ਰਤਾ
ਕੁ ਕੋਲ ਖਲੋ
ਸੁਰ ਦੇ ਦਰਿਆ ਵੱਗਣੇ
ਖਿੜਨੀ ਮਸਤਕ ਲੋਅ
ਮਿਟਿਆ ਨਹੀਂ ਬੰਗਾਲ ਅਨਾਦੀ
ਨਾ ਮਿਟਣੀ ਖ਼ੁਸ਼ਬੋ
ਛੱਡ ਐਬਾਂ ਦੀਆਂ ਯਾਰੀ ਰਾਂਝਾ
ਧਰਤੀ ਮੰਗਦੀ ਹੋ

ਅੰਬਾਂ ਦੇ ਬਾਗੀਂ ਘਾਟ ਤੇ
ਉਤਰੀ ਸ਼ਾਮ ਕਮਾਲ ਦੀ
ਮਹੂਏ ਦੇ ਜੰਗਲਾਂ ਵਿੱਚ ਗੋਰੀ
ਛਾਂ ਨਸ਼ਿਆਲੀ ਭਾਲਦੀ
ਕਾਮਧੇਨੁ ਦੀ ਖੇਤੀ ਕਰੀਏ
ਸਣ-ਪੱਤਰਾਂ ਸਣ-ਡਾਲ ਦੀ
ਸਿੱਧੀ ਲੀਕ ਤੁਰੇ ਨਾ ਕਵਿਤਾ
ਔਝੜ ਪੈਂਡੇ ਭਾਲਦੀ
ਵਗਦੇ ਰਹਿਣ ਨਸ਼ੀਲੇ ਦਰਿਆ
ਜਿੰਦ ਸਾਗਰ ਹੰਗਾਲਦੀ
ਚੈਤੰਨਿਆਂ ਦੇ ਨੂਪਰ ਤਾਰੇ
ਸਾਗਰ ਕੰਢੇ ਭਾਲਦੀ

ਗੁਰ ਨਾਨਕ ਦੇ ਖੇਤ ਸੁਨਹਿਰੀ
ਖਿੜਨੀ ਰੂਹ ਸੁਰਤਾਲ ਦੀ
ਚੰਨ ਸੁਹਣੇ ਦੇ ਸੁਪਨੇ ਸਾਗਰ
ਗੱਲ ਨਾਂ ਵਹਿਮ ਖ਼ਿਆਲ ਦੀ
ਝਨਕ ਝਨਕ ਬੋਲੇ ਮੋਰ ਬਿਛਵਾ
ਮਹਿਕ ਕੇਵੜੇ ਤਾਲ ਦੀ
ਅੰਤ ਅਨੰਤੇ ਖ਼ੁਸ਼ਬੋ ਕਿਸ ਦੀ
ਡਰ ਜਾਵੇ ਰੂਹ ਡਾਰ ਦੀ
ਸੁਪਨਾਂ ਤਾਮਸ, ਸੁਪਨ ਛਬੀਲਾ
ਸੀਮਾਂ ਕਾਲ, ਅਕਾਲ ਦੀ
ਦਿਲ ਟੁੱਟੇ, ਟੁੱਟੇ ਨਾ ਜੁੜਦੇ
ਬਹਿ ਕੰਧੀਆ ਤੇ ਭਾਲਦੀ
ਵਿਸ਼ਵਾਮਿੱਤਰ, ਜਨਕ, ਰਾਮ ਜੀ
ਇਕ ਤਿੰਨਾਂ ਦਾ ਕਾਲ ਜੀ
ਕਿਊਂ ਤਿੰਨਾਂ ਦੀ ਹੋਣੀ ਵੱਖਰੀ
ਕਣ ਕਣ ਜਿੰਦ ਹੰਘਾਲਦੀ
ਦਿਲ ਦਾ ਰੋਗ ਪਛਾਣੇ ਜਿਹੜਾ
ਮੈਂ ਉਸ ਸੁਰ ਨੂੰ ਭਾਲਦੀ
ਵਿਸ਼ਵ-ਭਾਰਤੀ ਸੁਪਨਾ ਗੁਆਚਾ
ਸਪਤ-ਸਿੰਧੁ, ਵਿੱਚ ਭਾਲਦੀ
ਮਿਲ ਜਾਣੇ ਸਾਗਰ ਨੂੰ ਸਾਗਰ
ਮਾਂ ਬੱਚਿਆਂ ਨੂੰ ਭਾਲਦੀ
ਮਹਾਂ-ਨਗਰ ਨੇ ਨਗਰੀ ਮੁੜਨਾਂ
ਗੱਲ ਨਾਂ ਪਿਛਲੇ ਸਿਆਲ ਦੀ
ਭਾਵੀ ਨਸਲ, ਵਡੇਰੇ ਦਾਈਏ
ਬੀਜ ਜੜ੍ਹਾਂ ਨੂੰ ਭਾਲਦੀ

•

## ਧਰਤੀ ਦਾ ਸਗਲਾ ਮੋਹ

ਤਾਰਾ ਦੂਰ ਦੁਰਾਡਾ ਸਗਲਾ ਆਪਣਾ
ਹਰ ਸੱਚ ਤੋਂ ਉੱਚਾ ਹੁਸਨ
ਰੋਹੀ ਦੇ ਟੁਟਿਆ ਤਾਰਿਆ ਉਜਿਆਰਿਆ
ਮੋਇਆਂ ਨੂੰ ਕਾਹਤੋਂ ਮਾਰਿਆ
ਕਿਸ ਥਾਂ ਮਿਲਾਂ ਕੋਈ ਥਾਂ ਗਿਰਾਂ

ਪੰਛੀ ਦੀ ਕਿੱਥੇ ਛਾਂ
ਮਹਿਫ਼ਲ ਤੇਰੀ ਸੁਪਨਾ
ਪਰਬਤ, ਪੁਰਾਤਨ ਥਲ
ਕੇਡੇ ਪੁਰਾਤਨ ਰਾਹ
ਧਰਤੀ ਦਾ ਸਗਲਾ ਮੋਹ
ਮੇਰੇ ਮਸਤਕ ਉਤਰਿਆ ਹੈ
ਕਿ ਜੂਠੀ ਮਿੱਟੀ ਦੇ ਸੀਨੇ ਤੇ
ਸੱਚ ਦਾ ਚੰਨ ਉਕਰਿਆ ਹੈ

ਰਸ ਕਸ ਭਿੰਨੀ ਧਰਤੀ, ਧਰਤੀ
ਪਾਣੀ ਪਵਨ ਮਤੇ
ਜੀਵੇਂ, ਚਾਨਣ ਕਿਤੇ ਕਿਤੇ
ਸਾਵੇ-ਪੱਤਰ ਪੁੰਗਰੇ ਮਾਹੀਆ
ਆਂਗਨ ਧੁਰ ਲੂਤੇ
ਰੁੱਖ ਬੇਲੇ, ਜੜ ਛਾਵਾਂ
ਜੋਬਨ ਉਤੇ ਉਤੇ
ਤਾਰਿਓਂ ਤਾਰਾ ਦੂਰ ਪਲਕ ਤੋਂ ਹੰਝੂ ਭਾਰਾ

ਕਿਹੜੇ ਕਿੰਨੀ ਦੂਰ, ਮਨਾਂ ਦੇਂਹ ਗੁਜ਼ਰਿਆ ਸਾਰਾ
ਪਰਬਤ ਪਰਬਤ, ਘਣੀਆਂ ਘਣੀਆਂ ਨੇ ਕੱਚੀਆਂ ਰੁੱਤਾਂ
ਨੀਲੇ ਅੰਬਰ ਸੁਤੇ ਸੁਤੇ
ਮਾਟੀ ਸ਼ੁਭ ਗੁਣ ਰਾਤੀ, ਜੋਬਨ ਉਤੇ ਉਤੇ
ਅੱਥਰੀ ਬਾਂਕੀ ਧਾਰ
ਚੰਬਾ ਬਰਸਦਾ
ਬਰਸੋ ਕਿਰਪਾ ਧਾਰ ਹੀਅਰਾ ਤਰਸਦਾ

•

# ਰਚਨਾ ਕੀ ਸੀ ਪਿਆਸ ਬੜੀ ਸੀ

ਬਾਰ ਪਰਾਏ ਮਿਲੀ ਮੁਹੱਬਤ
ਸਾਜਨ ! ਜੋ ਬੀਤੀ ਸੋ ਬੀਤੀ
ਸੂਈਗਰਾਂ ਸੂਈ ਦਾ ਨੱਕਾ
ਪਾਟੀ ਜਿਹਵਾ ਸੀਤੀ, ਪਿਆਸ ਬੜੀ ਸੀ !
ਪਹਿਲੇ ਕਣ ਤੋਂ ਆਦ ਬੂੰਦ ਤੱਕ
ਭਰੀ ਸੁਰਾਹੀ ਪੀਤੀ
ਕਵਿਤਾ, ਹੁਸਨ, ਸੰਗੀਤ ਮਨਾਹੀ
ਜੁਗ ਜੁਗ ਹੋਣੀਂ ਬੀਤੀ
ਭਾਲਾਂ ਬੀਥੀ-ਬੀਥੀ, ਸੁਪਨੇ ਕੀ ਸੀ ?

ਤ੍ਰੇਤੇ ਤੋਂ ਦੁਆਪਰ ਨਹੀਂ ਪਹਿਲਾਂ
ਇਹ ਅਨੀਤ ਦੀ ਨੀਤੀ
ਜਲ ਥਲ ਲਾਟ ਤੁਰੀ ਸੀ ਗਾਂਉਂਦੀ ਡਾਰ ਡਰੀ ਸੀ
ਨੀਤੀ ਕੀ ਸੀ ?
ਜਦ ਰੂਹ ਆਦਿ-ਅੰਤ ਤੋਂ ਟੁੱਟੇ
ਰੂਹ ਬਣਦਾ ਬਿਖ ਰੀਤੀ
ਪਿਆਸ ਬੜੀ ਸੀ
ਐਸੀ ਤੇਰੇ ਪੱਤਣੋਂ ਮਾਹੀਆ
ਭਰੀ ਸੁਰਾਹੀ ਪੀਤੀ ਜੋਬਨ ਰੀਤੀ
ਜੱਗ ਨੂੰ ਵਿੱਸਰ ਜਾਣੀ ਢੋਲਾ
ਕਾਮਲ ਸ਼ੌਕ ਪਰੀਤੀ
ਕੈਸੀ ਬੀਤੀ
ਬਾਰ ਪਰਾਏ ਮਿਲੀ ਮੁਹੱਬਤ

ਸਾਜਨ ਜੋ ਬੀਤੀ ਸੋ ਬੀਤੀ
ਭਾਲਾਂ ਬੀਥੀ-ਬੀਥੀ
ਥਲ ਵਿੱਚ ਡਾਰ ਮਰੀ ਸੀ
ਪਿਆਸ ਬੜੀ ਸੀ
ਕਵਿਤਾ ਤੇ ਸੰਗੀਤ ਮਨਾਹੀ
ਜੁਗ ਜੁਗ ਹੋਣੀ ਬੀਤੀ, ਕੈਸੀ ਬੀਤੀ

ਮੇਰੀਆਂ ਭੁੱਲਾਂ, ਮੇਰੀਆਂ ਮਾਹੀਆ
ਤੇਰੀ ਪਿਆਸ ਬੜੀ ਸੀ
ਸਗਲ ਸਮੂਲੀ ਰੁੱਤ ਤਾਂ ਹਰੀ ਭਰੀ ਸੀ
ਗਗਨ-ਗਗਨ ਪ੍ਰਭਾਤ ਖਿੜੀ ਸੀ
ਰਚਨਾ ਕੀ ਸੀ ?

2

ਰਚਨਾ ਦਾ ਪਹਿਲਾ ਕਣ ਚਮਕੇ
ਗਗਨ ਮਗਨ ਮਨ ਸੁਰ ਬਹਾਰ*
''ਗੁਨ ਨਾਦ ਧੁਨਿ ਅਨੰਦ ਬੇਦ''*
ਲੱਖਾਂ ਧ੍ਰੂ-ਮੰਡਲ, ਕਵਨ-ਸਾਰ ?
ਰਸਨਾਂ ਅਬੋਲ ਰਚਨਾ ਅਭੇਦ

ਮਨ ਰਸਿਕ ਰਸਨ
ਗੁਣ ਅੰਤ ਪਾਰ ਰਚਨਾ ਵਿਚਾਰ
ਕਹੁ ਕਵਣ ਦੇਸ ਆਵੇ ਪੁਕਾਰ
ਕਣ ਕਣ ਉਜਾਰ ਪਰਭਾਤ ਸਾਰ
ਅੰਧਿਆਰੀ ਰੈਣ ਉਜਿਆਰ ਬੈਨ
ਨਿਰਛੱਲ ਕੁਆਰ ਚੰਨ ਕਾਲੀਧਾਰ
ਕੋਈ ਪਾਰ ਚਮਕ ਉਰਵਾਰ ਪਾਰ
ਖਿਨ ਭੋਰ ਭੋਰ ਰਚਨਾ ਅਪਾਰ

---

*ਸੁਰ ਸ੍ਰੀ ਜਾਪੁ ਸਾਹਿਬ
*ਕਲਿਆਣ ਮ.੫ : ਗੁਨ ਨਾਦ ਧੁਨਿ ਅਨੰਦ ਬੇਦ ।।ਅੰਗ 1322।।

ਜਲ ਥਲ ਕਣੀਆਂ ਰੂਹ ਰੂਹ ਮਣੀਆਂ
ਰਸ ਕਸ ੳੁਚਾਰ ਬੰਨਰਾ ਬਹਾਰ
ਧਰਤੀ ਰੱਤ ਕਿਣਕਾ ਤਾਂਘ ਤਾਂਘ ਤਨ ਤੇਰਾ ਪਿਆਰ
ਬਿਰਹਾ ਸੰਜੋਗ ਜ਼ਾਹਰ ਜ਼ਾਹਰ
ਕਣ ਕਣ ੳੁਚਾਰ, ਰੂਹ ਏਕ ਸਾਰ
ਰਚਨਾ ਅਪਾਰ, ਕਣ ਕਣ ੳੁਜਾਰ
ਕੈਸੀ ਬਹਾਰ, ਆਵੇ ਬਹਾਰ !
ਪਰਭਾਤ ਸਾਰ, ਆ ਗਗਨ ਮਗਨ
ਮਨ ਸੁਰ ਬਹਾਰ !

ਰੁੱਤ ਪਰਭਾਤੀ ਆਂਗਨ ਮਾਤੀ
ਭਿੰਨਾਂ ਅੰਦਰ ਬਾਹਰ
ਭਾਲਾਂ ਬਿਹਬਲਤਾ ਦੀ ਰਚਨਾ
ਬਿਹਬਲਤਾ ਦੀ ਠਾਹਰ
ਰੂਹ ਰਿਸ਼ਤਾ ਵੀ ਏਕਮ ਰਿਸ਼ਤਾ
ਨਾਂ ਬਾਤਨ ਨਾਂ ਜ਼ਾਹਰ
ਕੀ ਗਾਵਾਂ ਜੇ ਰਚਨਾ ਮੌਲੇ
ਜਲਾਂ ਥਲਾਂ ਤੋਂ ਬਾਹਰ
ਜੁਗਾਂ ਜੁਗਾਂ ਤੋਂ ਪਿਆਸ ਧਰਾਧਰ
ਪੂਰਨਿਮਾਂ ਨੂੰ ਸਾਗਰ ਚੜ੍ਹਦੇ ਜੋਰਾਜੋਰੀ
ਲਾਹ ਸੀਨੇ ਦਾ ਭਾਰ ਅਪਾਰ
ਰਚਨਾ ਦਾ ਪਹਿਲਾ ਕਣ ਚਮਕੇ ਆਰ-ਪਾਰ

ਮੇਰੀਆਂ ਭੁੱਲਾਂ ਮੇਰੀਆਂ ਮਾਹੀਆ
ਤੇਰੀ ਪਿਆਸ ਬੜੀ ਸੀ
ਸਗਲ ਸਮੂਲੀ ਧਰਤੀ ਹਰੀ ਭਰੀ ਸੀ
ਰਚਨਾਂ ਦਾ ਪਹਿਲਾ ਕਣ ਚਮਕੇ ਦਮਕੇ
ਸੁਰ ਕੀ ਬੇਲਾ ਰਚਨਾ ਕੀ ਸੀ? ਪਿਆਸ ਬੜੀ ਸੀ
ਨਾਦ ਖੰਡ ਰਚਨਾਂ ਦਾ ਘਰ ਸੀ

ਮੇਰੀਆਂ ਭੁੱਲਾਂ ਮੇਰੀਆਂ ਮਾਹੀਆ
ਪਿਆਸ ਬੜੀ ਸੀ
ਰਚਨਾ ਕੀ ਸੀ
ਸਗਲ ਸਮੂਲੀ ਧਰਤੀ ਹਰੀ ਭਰੀ
ਸੁਰ ਕੀ ਬੇਲਾ ਰਚਨਾ ਕੀ ਸੀ
ਰਸਨਾ ਕੀ ਸੀ
ਨਾਦ ਖੰਡ ਰਚਨਾ ਦਾ ਘਰ ਸੀ
ਪਿਆਸ ਬੜੀ ਸੀ
ਰਚਨਾ ਕੀ ਸੀ

ਸੁਪਨਾਂ ਕੀ ਸੀ
ਪਿਆਸ ਬੜੀ ਸੀ
ਨਾਦ ਖੰਡ ਰਚਨਾਂ ਦਾ ਘਰ ਸੀ
ਰਸਨਾਂ ਕੀ ਸੀ
ਰਚਨਾਂ ਕੀ ਸੀ
ਪਿਆਸ ਬੜੀ ਸੀ
ਸੁਪਨਾਂ ਕੀ ਸੀ !

•

# ਮਿਲਿਆ ਭੇਤ ਬਹਾਰ ਦਾ

ਵੇ ਬਾਗਾਂ ਦਿਆਂ ਬੂਰਾ,
ਕਵਿਤਾ ਕੌਣ ਕਰੇ, ਪਰਬਤ ਜੂਹ ਹਰਿਆਲੀ
ਜਲ ਥਲ ਬੂਰ ਭਰੇ
ਇਹ ਰਸੀਆ ਜੂਹ ਤੇਰੀ
ਪੈਂਡੇ ਹਰੇ ਭਰੇ
ਕਵਿਤਾ ਕਹਿਣੀ ਛੱਡ ਦਿੱਤੀ ਹੈ ਮੇਰੀ ਜਾਨ ?
ਗੀਤ ਭੁਲਾਵਾ ਦੂਰ ਦਾ
ਜਦ ਵੀ ਨਜ਼ਰ ਮਿਲੇ ਨਾਦਾਨ
ਬਿਰਹਾਂ ਦੀ ਸੁੰਨ ਭੈੜੀ ਜ਼ਾਲਮ ਆ ਬੇਲੇ ਨੂੰ ਘੂਰਦਾ
ਕਾਹਦੀ ਕਵਿਤਾ ਦੋਸਤਾ,
ਗੁਨਹੀ ਦਿਲ ਦਾ ਭਾਰ, ਛੱਡੇ ਮਾਰ
ਜਾਂ ਹੰਕਾਰੀ ਦੇਵਤਾ,
ਕਰਦਾ ਮਾਰੋ ਮਾਰ,
ਕਾਹਦੀ ਕਵਿਤਾ ਦੋਸਤਾ,
ਗੁਟਗਰਦੀ ਪਾਖੰਡ, ਚੰਨਾਂ, ਟੁੱਟੇ ਦਿਲ ਨਾਲ ਵੰਡ ਨਾਂ
ਰਚਨਾਂ ਦਾ ਦੇਸ
ਮਾਸੂਮਾਂ ਦੀ ਹਾਰ ਦੀ ਕਿਥੇ ਲਾਹੀਏ ਪੰਡ ਵੇ ਮੇਰੇ ਮਨਾਂ
ਨਾ ਯਾਰੀ ਨਾ ਦੁਸ਼ਮਣੀ,
ਨਾ ਲੂਣੀ ਨਾ ਖੰਡ ਵੇ ਰੁਸਿਆ ਮਨਾਂ ਮੇਰੇ ਮਨਾਂ ਬਹੁਤ ਸੁੰਨਾਂ
ਹੋ ਗਿਆ ਹੈ ਆਪਣਾ ਦੇਸ
ਕਵਿਤਾ ਲਿਖਦਾ ਕੌਣ, ਸੁਣਾਂ ਸਾਗਰ ਤੇ ਗਾਵੇ ਪੌਣ ਜਾਂ ਪਲ ਪਲ
ਚੁੰਮੇ ਰੂਹ ਸਰਗਮ ਨੂੰ
ਮੈਂ ਨਹੀਂਓਂ ਲਿਖਦਾ ਯਾਰ ਲਿਖੇ ਕਵਿਤਾ ਸਾਂਵਲ ਨੂੰ

ਜਾਂ ਕਵਿਤਾ ਦੀ ਪਿਆਸ ਉਡੀਕੇ ਵਿਛੜੇ ਥਲ ਨੂੰ
ਗਲੀ ਗਲੀ ਵਿੱਚ ਫਿਰਦੇ ਨੇ,
ਜ਼ਰਦਾਰਾਂ ਦੇ ਵਣਜਾਰੇ
ਹੰਕਾਰੀ ਇਤਿਹਾਸ ਦੇ ਬਦਲੇ
ਵਸਦੇ ਮੁਲਕ ਉਜਾੜੇ
ਪੱਤ ਲੱਥੀ ਦੇ ਸਾਲੂ ਚੀਰੇ
ਬਾਜ਼ਾਰਾਂ ਵਿੱਚ ਸਾੜੇ
ਆਖ ਰਹੇ ਕੁਝ ਸੱਜਣ ਬੇਲੀ,
ਕਵਿਤਾ ਲਿਖਣੀ ਛੱਡ ਦਿਤੀ ਵੇ ਛੈਲ ਛਬੀਲੇ
ਕਿਵੇਂ ਲੁਕਣਗੇ ਨੈਣ ਨਸ਼ੀਲੇ? ਸੰਘਣੀਆਂ ਛਾਂਵਾਂ, ਚੱਕਰ ਚਿਹਨ-ਮਟੀਲੇ
ਸੁੰਨ ਮਸਾਣਾ ਅੰਦਰ ਮੋਹੜੀ ਗੱਡ ਦਿਤੀ ਕਿਸ ਹੀਲੇ
ਸੁੰਨੇ ਹੋ ਗਏ ਇਸ ਧਰਤੀ ਤੇ ਕਵਿਤਾ ਤੇ ਮਾਨੁੱਖ
ਰੂਹ-ਸੰਗੀਤ ਜਾਂ ਬੰਜਰ-ਪੈਂਡੇ, ਸਿਰ ਦੁੱਖਾਂ ਦੇ ਦੁੱਖ
ਹੇ ਮੇਰੇ ਦਿਲ
ਕਦੀ ਫੇਰ ਸਾਨੂੰ ਮਿਲ, ਕਿ ਨੈਣਾਂ ਰੈਣ ਦੇ ਝਿਲ ਮਿਲ
ਡੂੰਘਿਆਂ ਵਣਾਂ ਦੀ
ਘਣੀ ਛਾਂ ਵਾਂਗ
ਮਿਲ ਵੇ ਮੇਰੇ ਮਨਾ
ਰੁੱਸਿਆ ਮਨਾ
ਬਹੁਤ ਸੁੰਨਾ ਹੋ ਗਿਆ ਹੈ
ਆਪਣਾ ਦੇਸ

ਕਵਿਤਾ ਰਾਜ਼ ਨਿਆਜ਼ ਦਾ ਵਾਅਦਾ
ਅਖਰਾਂ ਦੀ ਤਲਵਾਰ ਅੰਬਰ ਬੀਜਲ ਦੀ ਚਮਕਾਰ
ਭਾਗੀਂ ਬਰਸੇ ਮੇਘਲਾ, ਹੋ ਮੇਘਲਾ
ਬਰਸੋ ਕਿਰਪਾ ਧਾਰ !
ਜਿਥੇ ਕੁਫ਼ਰ ਸ਼ਰ੍ਹਾ ਬਣ ਜਾਂਦਾ
ਟੁੱਟਣ ਕੌਲ ਕਰਾਰ
ਨਗਮਾ ਸੂਲੀ, ਸੂਲੀ ਨਗਮਾ,
ਵਾਹ ਅੱਖਰਾਂ ਦੀ ਮਾਰ
ਕੱਲਾ ਨਹੀਂ ਇਤਿਹਾਸ ਵਿੱਚ

ਵਖਰਾ ਨਹੀਂ ਮਿਥਿਹਾਸ ਵਿੱਚ
ਬੇ ਪੀਰਾ ਬੇ-ਪੀਰ
ਮੈਂ ਵੀ ਆਖ਼ਰ ਦਿਲ ਵੇ
ਟੁਟਿਆਂ ਦਿਲਾਂ ਨਾਲ ਮੈਂ ਤੁਰਨਾ
ਮੈਂ ਨਹੀਂ ਮੁੜਨਾਂ
ਮਿਹਣਾ ਬੜਾ ਨਿਲੱਜ ਵੇ
ਬੇਪੱਲਾ ਰੂਹਾਂ ਦੀ ਧਰਤੀ ਤਰਸਦੀ
ਦੇਹ ਕਵਿਤਾ ਦਾ ਚੱਜ ਵੇ
ਲੋਕੀਂ ਆਖਣ ਕਵਿਤਾ ਦਾ ਚੰਨ ਡੁੱਬਿਆ ਦੂਰ, ਡਾਢੀ ਦੂਰ
ਕਦੇ ਨਾ ਮੁੜ ਕੇ ਚੜ੍ਹਨੇ ਚਾਨਣ, ਬਹਿ ਕੰਧੀਆਂ ਤੇ ਝੂਰ
ਛੱਪਰ ਟੁੱਟਾ ਕਹਿਰ ਹਨੇਰਾ
ਉਪਰ ਵੱਸੇ ਮੇਘ ਘਨੇਰਾ
ਇਹ ਦੀਵਾ ਨਹੀਂ ਬੁੱਝਣਾ ਤੇਰਾ
ਭਾਵੇਂ ਰਾਹ ਨਾ ਦਿੱਸੇ ਢੱਕੀ ਪਾਰ ਦਾ

ਥੋੜਾ ਪਾਪ ਕਮਾਣਾ ਔਖਾ, ਪੂਰੇ ਪਾਪੀ ਬਣ ਗਏ
ਧੁਰ ਸ਼ੈਤਾਨ ਦੀਆਂ ਗਲੀਆਂ ਵਿੱਚ, ਕੀ ਸਾਂ, ਹੁਣ ਕੀ ਬਣ ਗਏ !
ਆ ਮਨਾ, ਮਨ ਪੰਛੀਆ ਪਰਦੇਸੀਆ ਘਰ ਆ
ਆ ਮਨਾ ਮਨ ਪੰਛੀਆ, ਆ ਨਗ਼ਮਿਆ ਘਰ ਆ !
ਕੁਝ ਬੋਲ ਵੇ ਮਨ ਪੰਛੀਆਂ, ਦੋ ਬੋਲ ਵੇ ਕੁਝ ਬੋਲ
ਰੁੱਤਾਂ ਕੱਕਰ ਵੰਨੀਆਂ, ਠਰਿਆ ਬੋਲ ਕਬੋਲ, ਮਨੂਆ ਸੋਹਲ
ਤੈਨੂੰ ਜ਼ਿਬਾ ਕਰਨ ਤੋਂ ਪਹਿਲਾਂ
ਡਾਢੇ ਪੈਂਦੇ ਹੌਲ ਵੇ ਮਨ ਪੰਛੀਆ

ਕਿਉਂ ਨੱਚੇ ਰੂਹ ਕੋਲ ਵੇ ਮਨ ਪੰਛੀਆ
ਮੇਰੇ ਮਨਾਂ, ਰੁੰਨਿਆਂ ਮਨਾਂ, ਕੈਸੀ ਪਿਆਸ
''ਤੂ ਕੁਨ ਰੇ।।''* ਤੂੰ ਧਰਤੀ ਬੀਜ, ਪਿਆਸ
ਤਾਰਿਆਂ ਦੀ ਅਰਦਾਸ, ਕਵਿਤਾ ਤੇਰੀ ਆਸ ਪਿਆਸ
ਸੁਰ-ਬੇਲਾ ਹੀ ਕਵੀ ਕਵੀ ਦੀ ਪਿਆਸ
ਕਿ ਲੋਚੇ ਕਣ ਕਣ ਕਣੀ ਕਣੀ ਸੁਰਤਾਲ

* ਧਨਾਸਰੀ: ਨਾ:ਅੰ: ੬੯੪।।

ਮਿਲ ਵੀ ਜਾਹ, ਹੇ ਨਗ਼ਮਿਆਂ, ਅੰਗਪਾਲ
ਵੇ ਬਾਗਾਂ ਦਿਆਂ ਬੂਰਾ ਆ ਵਰ੍ਹ ਜਾ ਕਮਾਲ
ਮੇਘਲਾ ਘਰ ਲਾਲ, ਮੇਘਲਾ ਮਦਤਾਲ
ਪਾਤਾਲਾਂ ਸੁਰ-ਤਾਲ ਤੂੰ ਅੰਗਪਾਲ !
ਆਗਾਸਾਂ ਵਿੱਚ ਤੇਰੀ ਭਾਲ, ਰੁੱਤਾਂ ਪੱਤਰ ਡਾਲ ਡਾਲ
ਢੂੰਡਣ ਗਈ ਨਾ ਬਹੁੜਦੇ
ਫੁੱਲਾਂ ਦੇ ਸੁਰਤਾਲ
ਆਵੇ ਬੁਰਾ ਉਜਲਾ ਅੰਗਪਾਲ ਆ ਮਦਤਾਲ ਫੁੱਲਾਂ ਦੇ ਸੁਰਤਾਲ
ਆ ਵੇ। ਆ ਵੇ ! ਜੋਗੀਆ ਨਾ ਜਾ, ਜੋਗੀਆ ਮੋਰੇ ਘਰ ਆ
ਆਵੇ ਚੰਨਾਂ ਚਾਨਣਾ ਘਰ ਆ, ਚਾਂਦਨਾ ਘਰ ਆ
ਲੋਕੀਂ ਆਖਣ ਕਵਿਤਾ ਦਾ ਚੰਨ
ਕਦੇ ਨਾ ਚੜ੍ਹਨਾਂ ਕੀਕੂੰ ਜਰਨਾ
ਕਦੇ ਨਾ ਖਿੜਨਾਂ ਬੇਲਾ
ਨਗ਼ਮੇ ਪਾਰ ਦਾ
ਨਗ਼ਮਾ ਕਦੇ ਨਾਂ ਹਾਰਦਾ
ਗਾਵੇ ਘਣਹਰ ਪਾਰ ਦਾ
ਨਗ਼ਮਾਂ ਨਹੀਂਓਂ ਹਾਰਦਾ
ਬੀਜ ਮੰਤਰ ਪਿਆਰ ਦਾ
ਪਹਿਲਾ ਫ਼ਸਲ ਉਜਿਆਰ ਦਾ
ਇਕ ਪਲ ਮੌਲੇ ਨਾਦ ਸੁਰੀਲੀ ਭੋਰ ਦਾ
ਲੱਖਾਂ ਪਲ ਹਰਿਆਲੇ ਪਰਬਤ ਮੌਲਦਾ ਉਜਿਆਰ ਦਾ

ਹੇ ਮੇਰੇ ਦਿਲ
ਜੀਵੇਂ ਫੇਰ ਸਾਨੂੰ ਮਿਲ
ਡੂੰਘਿਆਂ ਜਲਾਂ ਦੀ
ਘਣੀ ਛਾਂ ਵਾਂਗ ਮਿਲ ਵੇ
ਮੇਰੇ ਮਨਾ ! ਰੁਸਿਆ ਮਨਾ
ਬਹੁਤ ਸੁੰਨਾ ਹੋ ਗਿਆ ਹੈ
ਆਪਣਾ ਦੇਸ

ਬਿਨ ਘਣਹਰ ਜਦ ਗਾਵੇ

ਮੁਲਕ ਪਹਾੜ ਦਾ
ਪੰਛੀ ਡਾਰਾਂ ਛੰਮ ਛੰਮ
ਪੈਂਡਾ ਖਿੜਦਾ ਕਾਲੀਧਾਰ ਦਾ
ਸੱਚ ਬੋਲੇ ਧਰਤ ਅਕਾਸ਼, ਹੇ ਜਿੰਦੇ ਮੇਰੀਏ
ਨਗਮਾਂ ਤਾਰਿਆਂ ਦਾ ਹਾਰ, ਜਾਂ ਹੁਸਨ ਕੁਆਰ ਦਾ
ਮਿਲ ਗੀਤਾਂ ਨੇ ਲੱਭਿਆ ਜਿੰਦੇ, ਰਤਾ ਕੁ ਭੇਤ ਬਹਾਰ ਦਾ
ਸੂਈ ਦੇ ਨੱਕੇ ਚੋਂ ਲੰਘੇ ਰੂਪ ਮੋਤੀਆ ਹਾਰ ਦਾ

•

## ਕਾਲਿਆਂ ਬਾਗਾਂ 'ਚੋਂ ਹਰਨੀ ਆਈ

ਕਾਲਿਆਂ ਬਾਗਾਂ 'ਚੋਂ ਹਰਨੀ ਆਈ, ਬਹਿ ਗਈ ਪੱਬਾਂ ਭਾਰ
ਮੇਰਾ ਹਿਰਨ ਬਿਛੜਿਆ ਡਾਰੋਂ, ਰਾਜਨ ਤੇਰੇ ਦੁਆਰ
ਸੂਹੇ ਬਾਗੀਂ ਤਿਲੀਅਰ ਬੋਲੇ
ਜਾਂ ਖਿੜਦਾ ਕਚਨਾਰ
ਕਚਨਾਰਾਂ ਵਿੱਚ ਡੁੱਬਿਆ
ਨਦੀਏ ਬੋਲ ਉਚਾਰ

ਮੈਂ ਪਰਵਾਜ਼ ਹਾਂ ਗੀਤ ਮੇਰੇ ਦੀ
ਪਹੁੰਚੀ ਤੇਰੇ ਦੁਆਰ
ਖੜ੍ਹੀ ਬਨੇਰੇ ਗੋਰੀ ਝੂਰੇ
ਮੁੜਨਾ ਕੰਤ ਕੁਆਰ

ਲੱਖਾਂ ਰੰਗ ਤੇ ਲੱਖਾਂ ਕੌਮਾਂ
ਡੁੱਬੀਆਂ ਕਾਲੀ ਧਾਰ
ਨਦੀ ਜੋਗੀਆ, ਦੀਵੇ ਬਲਦੇ ਕੰਢਿਆਂ ਦੀ ਕਿਲਕਾਰ

ਤੇਰੇ ਰੱਬ ਤੇ ਮੇਰੇ ਰੱਬ ਦੇ
ਡੂੰਘੇ ਕੌਲ ਕਰਾਰ

ਮੈਂ ਮੰਨਦਾ ਹਾਂ ਸੁੰਨ ਗਾਉਂਦੀ ਹੈ
ਛਣਕਾਟਾ ਛਣਕਾਰ
ਤਿੱਖੇ ਤੀਰ ਹੁਕਮ ਨਾਂ ਮੰਨਦੇ
ਦਿਲ ਮੰਨੇ ਸ਼ਾਹਜ਼ੋਰ

ਇਲਮ ਮੁਹੱਬਤ ਉੱਡ ਜਾਣੇ ਨੇ
ਅੱਖਰਾਂ ਦੀ ਘਣਘੋਰ
ਭੁਲਿਆ ਸ਼ਾਇਰ ਘਰ ਨਹੀਂ ਆਇਆ
ਭੋਲਾ ਫਾਹੀਆਂ ਬੰਨ੍ਹ ਬਹਾਇਆ
ਢੋਲਣ ਤੇਰਾ ਹੁਕਮ ਸੁਣਾਇਆ
ਲੈ ਆਓ ਆਪਣਾ ਦੀਵਾਨ
ਦੱਸੋ ਇਸ ਦੀ ਖਾਸ ਪਛਾਣ
ਫੁੱਲਾਂ ਅਤੇ ਸੁਗੰਧਾਂ ਵਾਲਾ
ਜੰਗਲੀ ਫੁੱਲਾਂ ਦਾ ਮਹਿਮਾਨ
ਜਾਂ ਅਜਗ਼ੈਬੀ ਗੰਧਾਂ ਵਾਲਾ
ਹਰੇ ਭਰੇ ਅੰਬਾਂ ਦਾ ਬਾਗ਼ ਸੁਗੰਧਾਂ ਵਾਲਾ
ਇਹ ਕੈਸਾ ਦੀਵਾਨ
ਨਗ਼ਮਾਂ ਹੁਸਨ ਇਸ਼ਕ ਦਾ
ਸਾਡੇ ਬਾਗਾਂ ਦਾ ਮਹਿਮਾਨ !

ਆਖ ਰਹੀ ਮੈਂ ਵਰਜ ਰਹੀ ਮੈਂ
ਸਾਵਣ ਗਰਜ ਰਿਹਾ
ਅੰਬਰ ਕੜਕੇ ਧਰਤੀਏ
ਮੋਹ ਨੂੰ ਵਰਜ ਰਿਹਾ
ਆਖ ਰਹੀ ਮੈਂ ਵਰਜ ਰਹੀਂ
ਨਾਂ ਜਾ ਕੰਤ ਕੁਆਰ
ਬੇਦੋਸੇ ਛੁਰੀਆ ਨੇ ਕੋਹੇ
ਜਾਂ ਕਰਦੇ ਸੰਗਸਾਰ
ਕਾਲ ਛੱਰਾਟੇ ਹੀਅਰਾ ਪਾਟੇ
ਤਿੱਖੀ ਕਾਲੀ ਧਾਰ
ਕਾਲਿਆਂ ਬਾਗਾਂ 'ਚੋਂ ਹਰਨੀ ਆਈ

ਬਹਿ ਗਈ ਪੱਬਾਂ ਭਾਰ
ਮੈਂ ਪਰਵਾਜ਼ ਹਾਂ ਗੀਤ ਮੇਰੇ ਦੀ
ਪਹੁੰਚੀ ਤੇਰੇ ਦੁਆਰ
ਲੱਖਾਂ ਅੰਬਰ ਤੇ ਲੱਖਾਂ ਡਾਰਾਂ
ਡੁੱਬੀਆਂ ਕਾਲੀਧਾਰ
ਤੇਰੇ ਰੱਬ ਤੇ ਮੇਰੇ ਰੱਬ ਦੇ
ਡੂੰਘੇ ਕੌਲ ਕਰਾਰ
ਮੈਂ ਮੰਨਿਆ ਸੀ ਸੁੰਨ ਗਾਵੇਗੀ
ਛਣਕਾਟਾ ਛਣਕਾਰ
ਤਿੱਖੇ ਤੀਰ ਹੁਕਮ ਨਾਂ ਮੰਨਦੇ
ਕਰ ਗਏ ਸੀਨਾ ਪਾਰ
ਫਿਰ ਵੀ ਗੀਤ ਮੁੜਨ ਦੀਆਂ ਤਾਂਘਾਂ
ਚੰਨਾ ਮਾਰ ਉਡਾਰ

•

# ਚਾਇਲ ਦੇ ਪਹਾੜਾਂ ਦੀ ਚਾਨਣੀ

ਸਰਗਮ ਤੇਰਾ ਵੀ ਬੇਨਿਸ਼ਾਂ
ਕਿਸ ਥਾਂ ਕਸਕ
ਕੋਈ ਨਾਂ-ਨਿਸ਼ਾਂ
ਚੀੜ੍ਹਾਂ 'ਚ ਡੁੱਬੇ ਤਾਰਿਆ, ਉਜਿਆਰਿਆ
ਦੁੱਖੜਾ ਕਦੇ ਨਾਂ ਹਾਰਿਆ
ਜੰਗਲੀ ਪੌਣਾਂ ਦੀ ਸ਼ੂਕਰ
ਜ਼ਖਮੀ ਚੀਤੇ ਦਾ ਕਰਾਰ

ਉਡਦੇ ਕਾਲੇ ਪਹਾੜ
ਧਰਤੀ ਨੂੰ ਸਗਲਾ ਮੋਹ ਮਿਲੇ
ਕੂੰਜ ਨੂੰ ਬੱਚਿਆਂ ਦਾ ਪਿਆਰ
ਗੀਤਾਂ 'ਚ ਚਮਕੇ ਰੂਹ
ਮੁੜ ਚਮਕਣ ਪੁਰਾਣੇ ਰਾਹ

ਮੇਰੇ ਗੀਤਾਂ ਨੂੰ ਤੇਰੀ ਚੁੱਪ ਦੀ ਪਰਭਾਤ ਮਿਲ ਜਾਵੇ
ਜੋ ਬਰਫ਼ੀਲੇ ਗਗਨ ਵਿੱਚ ਗਰਜਦੀ ਬਰਸਾਤ ਮਿਲ ਜਾਵੇ

ਤੇਰੇ ਬਾਗ਼ਾਂ ਦੇ ਨਿੱਤਰੇ ਪਾਣੀਆਂ ਵਿੱਚ ਪਿਆਸ ਮੇਰੀ ਹੈ
ਕਦੇ ਵਿਛੜੇ ਮਿਲੇ ਨਾਂ ਵਿਛੜਾਂਗੇ ਆਸ ਮੇਰੀ ਹੈ

ਕ੍ਰੋੜਾਂ ਪੰਛੀਆਂ ਦਾ ਸੁਰ ਸੁਰੀਲੀ ਸ਼ਾਮ ਮੁੜਿਆ ਹੈ
ਪੁਲਾੜਾਂ ਵਿੱਚ ਸੁੰਨ ਅੰਦਰ ਚਹਿਕਦਾ ਦਿਲ ਉਤਰਿਆ ਹੈ
ਕਿ ਨੀਲਾਂਬਰ ਦੀ ਨਿਤਰੀ ਤਲੀ ਤੇ ਨਗਮਾਂ ਉਤਰਿਆ ਹੈ

•

# ਦੋ ਕੰਮ ਦੀਆਂ ਲੀਕਾਂ ਮਾਰ ਵੇ

ਲਿਖਣਾ ਲਿਖਾਣਾ ਕਸਬ ਹੈ
ਹਿਰਨਾਂ ਨੂੰ ਸ਼ੀਂਹ ਦੀ ਧਾੜ ਵੇ

ਇਕ ਮੈਂ ਇਕੱਲਾ ਰਹਿ ਗਿਆ
ਤੂੰ ਇਲਮ ਦੀ ਸਰਕਾਰ ਵੇ

ਟੁੱਟੇ ਦਿਲਾਂ ਸੰਗ ਜੀ ਲਿਆ
ਮੇਰੇ ਸ਼ੌਕ ਨੂੰ ਦਰਕਾਰ ਵੇ

ਜੀਣਾਂ ਇਕੱਲ, ਮਰਨਾਂ ਇਕੱਲ
ਝੱਲੇ ਨੇ ਕਹਿਰ ਉਜਾੜ ਵੇ

ਕੀ ਆਪਣਾ ਕੀ ਦੂਸਰਾ
ਸ਼ਹਿ ਦੇ ਕੇ ਸੀਨਾ ਪਾੜ ਵੇ

ਉੱਚੀ ਨਜ਼ਰ ਨੂੰ ਭਾਲੀਏ
ਵਿਕਣਾ ਸਰੇ ਬਾਜ਼ਾਰ ਵੇ

ਯਾਰਾ ਵੇ ਅੱਥਰੀ ਚਾਨਣੀ
ਬਰਫ਼ੀਲੀ ਹਿੱਕ ਨਾਂ ਠਾਰ ਵੇ

ਓੜਕ ਉਜਾੜੇ ਆਹਲਣੇ
ਜੋਬਨ ਦਾ ਬੇਲਾ ਸਾੜ ਵੇ

ਬੇਦਰਦ ਪੱਥਰ ਪੂਜਦੇ
ਕਲਮਾਂ ਦੇ ਪਹਿਰੇ ਦਾਰ ਵੇ

ਇਹ ਜਾਮ ਹੈ ਯਾ ਜਬਰ ਹੈ
ਛੱਡ ਜਾਮ, ਪੱਥਰ ਮਾਰ ਵੇ

ਕਟ ਕਟ ਕੇ ਤਾਰੇ ਬੁਝ ਰਹੇ
ਧਰਤੀ ਤੇ ਕੇਡਾ ਭਾਰ ਵੇ

ਕੱਖਾਂ ਤੋਂ ਹੌਲੇ ਹੋ ਗਏ
ਅੱਖਰਾਂ ਦੇ ਸ਼ਾਹ ਅਸਵਾਰ ਵੇ

ਬਿਨਬੋਲ ਧਰਤੀ ਨਿਘਰੀ
ਅੰਬਰ ਦੀ ਕਾਲੀ ਧਾਰ ਵੇ

ਇਕ ਮੈਂ ਇਕੱਲਾ ਬੇਇਲਮ
ਤੂੰ ਇਲਮ ਦੀ ਸਰਕਾਰ ਵੇ

ਇਹ ਦਰਦ ਮੈਂ ਆਪਣੇ ਲਿਖੇ
ਨਾਂ ਜਿੱਤ ਹੈ ਨਾਂ ਹਾਰ ਵੇ

ਆ ਯਾਰ ਨਜ਼ਰਾਂ ਭਾਲੀਏ
ਨਾਂ ਚੰਨ ਦੇ ਪੱਥਰ ਮਾਰ ਵੇ

ਕਿਸ਼ਤੀ ਨਾਂ ਏਥੇ ਬੰਨ੍ਹ ਵੇ
ਨੈਣਾਂ ਦੀ ਬਿਫ਼ਰੀ ਧਾਰ ਵੇ

ਦੀਵੇ ਦੇ ਖੰਭ ਨਾਂ ਕੱਟੀਏ
ਸੁੱਤੇ ਨਾਂ ਪੰਛੀ ਮਾਰ ਵੇ

ਵਾਹ ਕੋਠੇ ਭਰੇ ਕਿਤਾਬ ਦੇ
ਦੋ ਕੰਮ ਦੀਆਂ ਲੀਕਾਂ ਮਾਰ ਵੇ

•

# ਮੈਂ ਤੇ ਗੀਤ ਇਕੱਲੇ

ਕੱਚੇ ਕੰਢੇ ਦਰਿਆਵਾਂ ਦੇ
ਖੁਲ੍ਹੇ ਵਾਂਗ ਕਿਤਾਬ ਦੇ
ਤਾਰਾ ਤਾਰਾ ਗੱਲਾਂ ਹੋਈਆਂ
ਹੋਈਆਂ ਬਾਝ ਹਿਸਾਬ ਦੇ

ਹਰ ਵੇਲੇ ਮਹਿਮਾਨ ਅਸਾਡੇ
ਅੱਥਰੂ ਭਿੰਨੇ ਜੋਗ ਦੇ
ਮਿੱਟੀ ਵਿੱਚ ਖੁਸ਼ਬੋ ਟਿਕ ਜਾਂਦੀ
ਵੇਲੇ ਕਹਿਰ ਵਿਜੋਗ ਦੇ

ਹੇਕ ਸੁਨਹਿਰੀ ਧੁੰਮੀ ਜਿੰਦੇ
ਨਿਘਰਿਆਂ ਦੀ ਟੇਕ ਵੇ
ਮੇਟਿਆਂ ਮੇਟ ਨਾ ਸਕਦਾ ਕੋਈ
ਚੰਨਾਂ ਤੇਰੀ ਰੇਖ ਵੇ

ਮੇਰੇ ਬੋਲ ਅੰਞਾਣੀ ਵੇਦਨ
ਮੱਲਿਆ ਕੌਣ ਮਕਾਮ ਵੇ
ਮੌਲਣ ਹਰਫ਼ ਕਿਤਾਬ ਦੇ
ਬਿਹਬਲ ਤੇ ਗੁੰਮਨਾਮ ਵੇ

ਬਹੁਤ ਬਹੁਤ ਹੋਈਆਂ ਸਦੀਆਂ
ਹੋਏ ਮੈਂ ਤੇ ਗੀਤ ਇਕੱਲੇ
ਪੈਰੋਂ ਵਾਹਣੇ ਤਾਰਾ ਤਾਰਾ
ਪੈਂਡੇ ਪਏ ਅਵੱਲੇ

''ਪਾਰ ਥੀਆ ਉਰਵਾਰ'' ਰਗੀਤ ਦਾ
ਥਿੰਨ ਥਿੰਨ ਵੱਜਦਾ ਢੋਲ
ਪੁੱਗੀ ਬਾਤ ਧਰੇਕ ਦੀ ਜਿੰਦੇ
ਸਾਵੇ ਪੱਤਣਾਂ ਕੋਲ

ਰੈਣ ਅੰਧਿਆਰੀ
ਘਟ ਕਾਲੀ
ਵਿੱਚ ਬੀਜਲ ਚਮਕੇ ਜ਼ੋਰ
ਰਾਗ ਪਹਾੜੀ ਦੀ ਜੂਹ ਆਈ
ਮੋਰਾਂ ਪਾਇਆ ਸ਼ੋਰ

•

## ਤਤਕਰਾ


* ਸਮਰਪਣ
* ਜੇ ਤੂੰ ਚੰਨ ਵਸਾਖ ਦਾ
* ਤੇਰਾ ਅੰਬਰਾਂ 'ਚ ਨਾਂ ਲਿਖਿਆ ਮਾਹੀਆ
* ਮਾਂ ਦਾ ਗੀਤ
* ਰੱਬਾ ਮੇਰੀ ਕੱਚਿਆਂ ਦੇ ਨਾਲ ਜੋੜ ਕਾਫ਼ੀ
* ਗੀਤਾਂ ਦੇ ਬੇੜੇ
* ਕੀ ਚੰਨ ਦਾ ਸਿਰਨਾਵਾਂ
* ਅੱਖਰਾਂ ਦੀਏ ਲੋਏ
* ਬਿਨ ਸ਼ਬਦ ਘਣਹਰ ਗੱਜਦਾ
* ਗਾ ਜਿੰਦੇ ਸੁਖਨ ਘਰ ਆਇਆ

ਇਕ ਸੁਪਨਾ
* ਸ਼ਾਇਰ ਤੇ ਮਿੱਟੀ ਦੋ ਨਹੀਂ
* ਮੇਰੀਏ ਜਿੰਦੇ !
* ਗ਼ਜ਼ਲ
* ਗ਼ਜ਼ਲ
* ਕਦੇ ਕਦੇ ਯਾਦ ਆਵੇਂ
* ਗੀਤ
* ਅਲਫ਼, ਲਾਮ, ਮੀਮ
* ਗੀਤ
* ਕੀ ਪੁੱਛੇਂ ਪਿਪਲੀ ਦੀਏ ਵਾਏ
* ਬਾਣ ਗੀਤ ਦਾ ਮਾਰੇ
* ਸੁਣ ਹੁਸਨਾਂ ਦਿਆ ਪਾਣੀਆਂ
* ਸੋਣ ਸਹੇਲੀ
* ਆਈ ਧਰਤੀ ਚੱਲਕੇ

*	ਫੁੱਲਾਂ ਦੇ ਸੁਰਤਾਲ
*	ਕੀ ਕੀ ਰੋਗ ਸਹੇੜੇ
*	ਆਈਆਂ ਪੌਣਾਂ ਕਾਨ੍ਹਾ
*	ਉੱਚਾ ਤਖਤ ਵਿਜੋਗ ਦਾ
*	ਉੱਚੇ ਬੁਰਜ ਬਹਾਰ ਦੇ
*	ਦੋ ਕਣੀਆਂ
*	ਕਦ ਖਿੜਿਆ ਚੰਬਾ
*	ਲਾਲੀ ਜੀ ਦੇ ਘਰ ਕੋਲੋਂ ਲੰਘਦਿਆਂ
*	ਗੀਤ
*	ਕਾਫ਼ੀ
*	ਸ਼ਹਿਰ ਬੜਾ ਬਦਨਾਮ ਹੈ
*	ਵਸਦਾ ਰਹੇ ਗਿਰਾਂ
*	ਭਗਵਾਂ ਵਗੇ ਦਰਿਆ ਭਲਾ
*	ਜੀਊਂਦੇ ਯਾਰਾਂ ਨੂੰ ਖ਼ਾਕ ਨਸੀਬ ਹੋਈ
	ਇਕ ਮਨਬਚਨੀ
*	ਕੋਇਲ ਕੂਕੇ ਰਾਤ ਨੂੰ
*	ਚਾਨਣੀ ਪਹਾੜ ਦੀ
*	ਜਿੱਥੋਂ ਚੰਨ ਚੜ੍ਹਦਾ
*	ਰਾਗ ਚਾਂਦਨੀ ਕੇਦਾਰ ਦਾ ਸੁਰ ਮੰਥਨ
*	ਕੋਇਲ ਮਰੀ ਤਿਹਾਈ
*	ਕਿੱਥੇ ਲਾਏ ਨੇ ਡੇਰੇ
*	ਬਾਗੀਂ ਪੈ ਗਿਆ ਸ਼ੋਰ
*	ਗਿੜਦਾ ਚੱਕ ਨਸੀਬ ਦਾ
*	ਜੰਮੂਏ ਦਾ ਡੋਗਰਾ
*	ਦੀਵਾ ਬਲੇ ਲਾਹੌਰ ਦੇ ਵਿਚ ਵੇ
*	ਐਡੀ ਕਿਹੜੀ ਬਾਤ

* ਇਤਿਹਾਸ ਦਾ ਫ਼ਲਸਫ਼ਾ
* ਲਾਹੌਰ – ਦੋ ਬੋਲ
* ਮੋਰਾਂ ਦਾ ਸੁਪਨਾ ਇਕ ਲੰਮਾਂ ਗੀਤ
  ਇਕ ਬੈਲੇਡ
* ਸਰਜੂ ਨਦੀ ਕਿਨਾਰੇ
* ਅਰਬੀ ਥਲਾਂ ਦਿਆਂ ਢੋਲਿਆ
* ਤੇਰੇ ਬਿਨਾ ਇਸ ਦੇਸ ਵਿਚ
* ਤੂੰ ਤਾਂ ਤਰਕ ਜ਼ਮਾਨੇ ਦਾ ਜਾਣਦਾ ਸੈਂ
* ਮੇਰੇ ਸ਼ਹਿਰ ਦੀ ਦਾਸਤਾਂ : ਉਰਫ਼ :
  ਘਰ ਨਹੀਂ ਜਾਣਾ ਭਾਗ 1
* ਧਰਤ ਦਾ ਟੁੱਕੜਾ ਨਹੀਂ ਪੰਜਾਬ
* ਸੱਚ ਬੁੱਲ੍ਹੇ ਸ਼ਾਹ ਆਖਿਆ
* ਕਾਫ਼ਲੇ ਦੀ ਆਮਦ ਇਕ ਦ੍ਰਿੱਸ਼ : 1947 :
  ਸਾਵਣ-ਭਾਦਰੋਂ
* ਮੇਲੇ ਨੇ ਸਭਿਆਚਾਰ ਦੇ
* ਅੱਗ ਨਾ ਦੂਰੀ ਪੁੱਛਦੀ
* ਮੇਰੇ ਸ਼ਹਿਰ ਦੀ ਦਾਸਤਾਂ : ਉਰਫ਼ : ਘਰ
  ਨਹੀਂ ਜਾਣਾ ਭਾਗ 2
* ਕਲਕੱਤਾ ਮੇਰਾ ਸ਼ਹਿਰ
* ਧਰਤੀ ਦਾ ਸਗਲਾ ਮੋਹ
* ਰਚਨਾ ਕੀ ਸੀ ਪਿਆਸ ਬੜੀ ਸੀ
* ਮਿਲਿਆ ਭੇਤ ਬਹਾਰ ਦਾ
* ਕਾਲਿਆਂ ਬਾਗਾਂ 'ਚੋਂ ਹਰਨੀ ਆਈ
* ਚਾਇਲ ਦੇ ਪਹਾੜਾਂ ਦੀ ਚਾਨਣੀ
* ਦੋ ਕੰਮ ਦੀਆਂ ਲੀਕਾਂ ਮਾਰ ਵੇ
* ਮੈਂ ਤੇ ਗੀਤ ਇਕੱਲੇ

## ''ਕਾਇਆ ਤਰਿਹਾਈ''
## ਕੁਲਵੰਤ ਸਿੰਘ ਗਰੇਵਾਲ ਦੀ ਕਵਿਤਾ

ਬੋਧੀ ਗ੍ਰੰਥ ਦੱਸਦੇ ਹਨ ਕਿ ਬੁੱਧ ਤ੍ਰਿ-ਕਾਇਆਈ ਹੈ। ਆਪਣੀ ਵਿਸ਼ੇਸ਼ਤਾ ਜਾਂ ਚੋਣ ਅਨੁਸਾਰ, ਕਿਸੇ ਵੀ ਕਾਇਆ ਉਤੋਂ ਧਿਆਨ ਕੇਂਦਰਿਤ ਕਰਨ ਨਾਲ ਨਿਰਵਾਣ ਪ੍ਰਾਪਤ ਹੋ ਸਕਦੀ ਹੈ। ''ਧਰਮ ਕਾਇਆ'' ਪਰਾਗਾਮੀ ਹੈ, ''ਸੰਭੋਗ ਕਾਇਆ'' ਸਗੁਣੀ ਹੈ, ਅਤੇ ''ਨਿਰਮਾਣ ਕਾਇਆ'' ਅਵਤਾਰ ਜਾਂ ਸਾਕਾਰ ਰੂਪ ਹੈ। ਇਹ ਤਿੰਨੋਂ ਕਾਇਆਂ ਨਿਰਵਾਣ-ਪ੍ਰਾਪਤ ਹਨ। ਇਹ ਨਾ ਦੇਹ ਹਨ ਅਤੇ ਨਾ ਹੀ ਨਿਰੋਲ ਚੇਤਨਤਾ ਜਾਂ ਮਨ। ਇਹ ਕੋਈ ਮੱਧਲਾ ਵਾਸਤਵ ਹੈ, ਜਾਂ ਅੰਤਰੀਵੀ ਪਰਵਾਸਤਵ, ਜਿਸ ਨੂੰ ਅੰਗ੍ਰੇਜ਼ੀ ਦੇ ਸ਼ਬਦ ''ਬੌਡੀ'' ਜਾਂ ''ਕੌਨਸਟੀਚਿਊਸ਼ਨ'' ਰਾਹੀਂ ਨਹੀਂ ਪ੍ਰਗਟਾਇਆ ਜਾ ਸਕਦਾ।

ਇਕ ਪਰਮਾਣੀਕ ਕਵੀ ਵਿੱਚ ਇਨ੍ਹਾਂ ਤਿੰਨੋਂ ਕਾਇਆਂ ਦੇ ਅੰਸ਼ ਘੁਲੇ ਮਿਲੇ ਹੁੰਦੇ ਹਨ। ਉਸ ਦੀ ਤਲਾਸ਼ ਨਿਰਪੇਖ ਨਿਰਵਾਣ ਨਹੀਂ, ਸਗੋਂ ਜੀਵਨ ਦਾ ਭਰਪੂਰ ਅਨੁਭਵ ਹੈ ਜਿਸ ਵਿੱਚ ਜਿਉਣ ਦੀ ਅੱਗ ਪੂਰੇ ਸ਼ਬਾਬ ਨਾਲ ਭੜਕਦੀ ਰਹੇ। ਏਸ ਭੜਕ ਨੂੰ ਜੀਵੰਤ ਰੱਖਣ ਵਾਲੀ ਕਾਇਆ, ਕਵੀ-ਕਾਇਆ ਹੈ ਜਿਸ ਵਿੱਚ ਜ਼ਿੰਦਗੀ ਦੀ ਕੌੜ, ਝੂਠ, ਜ਼ਹਿਰ, ਸੰਘਰਸ਼ ਨੂੰ ਸ਼ਿਵ ਵਾਂਗ ਹਰ ਖਿਣ ਸੌਂਦਰਯ/ਹੁਸਨ ਵਿੱਚ ਬਦਲਿਆ ਜਾਂਦਾ ਹੈ। ਕੁਲਵੰਤ ਸਿੰਘ ਗਰੇਵਾਲ ਇਸ ਕਾਇਆ ਦਾ ਕਵੀ ਹੈ ਜੋ ਹਰ ਪਲ ਸਿਰਜਣ ਦੇ ਨਾਲ ਹੁਸਨ, ਪ੍ਰੇਮ ਨੂੰ ਪੀਣ ਅਤੇ ਪਿਆਉਣ ਲਈ ''ਤਰਿਹਾਈ'' ਹੈ।

ਇਸ ਕਾਵਿ-ਕਾਇਆ ਨੇ ਕੁਲਵੰਤ ਦੀ ਕਵਿਤਾ ਦਾ ਨਿਰਮਾਣ ਕੀਤਾ ਹੈ। ਕਿਉਂਕਿ ਇਹ ਬਹੁ-ਅੰਸ਼ੀ ਹੈ, ਬਹੁਆਂਮੀ ਹੈ, ਇੱਕ ਲਾਂਘਾ ਹੈ, ਇੱਕ ਸੰਯੋਗ ਹੈ, ਇਸ ਲਈ ਕਵੀ ਦੀਆਂ ਬਹੁਤੀਆਂ ਕਵਿਤਾਵਾਂ ਹਰ ਪ੍ਰਕਾਰ ਦੀ ਰੇਖਕੀ/ਇਕਾਂਗੀ ਕਵਿਤਾ

ਉੱਤੇ ਆਕਰਮਣ ਹਨ ਅਤੇ ਉਸ ਦੇ ਸਮਾਨਾਂਤਰ ਸਿਰਜਨਾਤਮਕ ਉਦਾਹਰਣਾਂ ਵੀ। ''ਕਾਲਿਆਂ ਬਾਗ਼ਾਂ 'ਚੋਂ ਆਈ ਹਰਨੀ'' ਰਾਜਨ/ਸ਼ਾਸਕ ਕੋਲ ਆਪਣੇ ਵਿੱਛੜੇ ''ਹਿਰਨ'' ਬਾਰੇ ਸ਼ਿਕਾਇਤ ਕਰਣੀ ਹੈ। ਪਰ ਇਸ ਸ਼ਿਕਾਇਤ ਦੇ ਨਾਲ ਉਹ ਸੂਹੇ ਬਾਗ਼ਾਂ ਵਿੱਚ ਤਿਲੀਅਰ ਦੇ ਬੋਲ, ਖਿੜੇ ਕਚਨਾਰ ਨਾਲ ਵੀ ਸਰਸ਼ਾਰ ਹੈ। ਉਹ ਆਪਣੇ ਆਪ ਵਿੱਚ ਗੀਤ ਦੀ ਪਰਵਾਜ਼ ਹੈ। ਮੌਤ ਅਤੇ ਭੈ ਤੋਂ ਪ੍ਰਭਾਵਿਤ ਵੀ ਹੈ ਪਰ ਉਸ ਨੂੰ ਗੀਤ ਨਾਲ ਸਰ ਵੀ ਕਰ ਰਹੀ ਹੈ। ਇਞ ਜੀਵਨ ਦੀ ਬਹੁ-ਆਂਸ਼ਿਕ, ਅਨਿਕ-ਸੰਵੇਦਨੀ ਨਿਰੰਤਰਤਾ ਹੈ ਜਿਸ ਦਾ ਰੂਪਕ/ਮੈਟੋਨਿਮੀ ਇਹ ਕਵਿਤਾ ''ਕਾਲਿਆਂ ਬਾਗ਼ਾਂ 'ਚੋਂ ਆਈ ਹਰਨੀ'' ਸਹਜੇ ਹੀ ਬਣ ਗਈ ਹੈ :

> ਕਾਲਿਆਂ ਬਾਗ਼ਾਂ 'ਚੋਂ ਆਈ ਹਰਨੀ ਬਹਿ ਗਈ ਪੱਬਾਂ ਤਾਰ
> ਮੇਰਾ ਹਿਰਨ ਬਿਛਲਿਆ ਡਾਰੋਂ ਰਾਜਨ ਤੇਰੇ ਦੁਆਰ
> ਸੂਹੇ ਬਾਗ਼ੀਂ ਤਿਲੀਅਰ ਬੋਲੇ
> ਜਾਂ ਖਿੜਦਾ ਕਚਨਾਰ
> ਕਚਨਾਰਾਂ ਵਿੱਚ ਡੁੱਬਿਆ ਹੈ
> ਨਦੀਏ ਬੋਲ ਉਚਾਰ
> ਮੈਂ ਪਰਵਾਜ਼ ਹਾਂ ਗੀਤ ਮੇਰੇ ਦੀ
> ਪਹੁੰਚੀ ਤੇਰੇ ਦੁਆਰ

ਇਸ ਹਰਨੀ ਨੂੰ ਜੀਵਨ ਦੀ ਖ਼ੂਬਸੂਰਤੀ ਦੇ ਅਨੁਭਵ ਅਤੇ ਗੀਤ ਦੀ ਪਰਵਾਜ਼ ਦੇ ਨਾਲ ਜਿਸ ਵਿਛੋੜੇ ਦਾ ਸੱਲ ਹੈ, ਸੇਕ ਵਿੱਚ ਭੁੱਜਣ ਦਾ ਅਹਿਸਾਸ ਹੈ, ਉਹ ਕੁਲਵੰਤ ਗਰੇਵਾਲ ਦੀਆਂ ਬਹੁਤੀਆਂ ਰਚਨਾਵਾਂ ਦੀ ਧੂਣੀ ਹੈ। ਉਹ ਵਿਛੋੜਾ ਉਸ ਦੇ ਆਰਦਸ਼/ਯੂਟੋਪੀਆ/ਭਵਿਖਾਰਥੀ ਸੁਪਨੇ ਤੋਂ ਹੈ ਜਿਸ ਦੀ ਜਿਉਂਦੀ ਜਾਗਦੀ ਉਦਾਹਰਣ ਗਰੇਵਾਲ ਦਾ ''ਪੰਜਾਬ'' ਸੀ। ਉਹ ਪੰਜਾਬ ਕਿਰ ਰਿਹਾ ਹੈ ਜੋ ਕਵੀ

ਨੂੰ ਉਦਾਸ ਕਰਦਾ ਹੈ, ਇਸ ਦੇ ਬਾਵਜੂਦ ਕਿ ਪੰਜਾਬ ਦੀ ਇਤਿਹਾਸ ਵਿੱਚ ਪ੍ਰਾਪਤੀ ਅਦੁੱਤੀ ਹੈ– ਯੌਰਪ ਤੋਂ ਵੀ ਵੱਧ। ਇਤਿਹਾਸ ਪੰਜਾਬ ਦੀ ਇਸ ਪ੍ਰਾਪਤੀ ਬਾਰੇ ਗੂੰਗਾ ਹੈ :

ਯੌਰਪ ਲੰਦਨ ਓਸ ਸਦੀ ਦਾ
ਐਡੀ ਕਿਹੜੀ ਬਾਤ
ਗੂੰਗਾ ਕਿਉਂ ਇਤਿਹਾਸ (''ਐਡੀ ਕਿਹੜੀ ਬਾਤ'')

ਕੁਲਵੰਤ ਗਰੇਵਾਲ ਦਾ ਪੰਜਾਬ ਇਕ ਭੂਗੋਲਕ ਇਕਾਈ ਨਹੀਂ, ਇੱਕ ਬ੍ਰਹਮੰਡ ਹੈ, ਸੱਭਿਅਤਾਵਾਂ ਦੀ ''ਸਵੇਰ,'' ਮਨੁੱਖੀ ਇਤਿਹਾਸ ਅਤੇ ਅਭਿਆਸ ਦਾ ਗੌਰਵ। ਇਸ ਲਈ ਕਵੀ ਦਾ ਪੰਜਾਬ-ਪ੍ਰੇਮ ਵੀ ਇੱਕ ਅੰਤਰ-ਸੱਭਿਆਚਾਰਕ ਰੂਪਕ ਹੈ। ਪੰਜਾਬ ਉਸ ਲਈ ''ਵਿਸ਼ਵ ਪੰਜਾਬ'' ਹੈ, ''ਬ੍ਰਹਮੰਡ ਦਾ ਬਾਂਕਾ ਪੰਜਾਬ'' ਹੈ। ਇਹ ਭੂਗੋਲ ਦਾ ਬ੍ਰਹਮੰਡੀਕਰਣ ਅਤੇ ਵਿਸ਼ਵੀਕਰਣ ਹੈ, ਵਿਲੱਖਣ ਸੱਭਿਆਚਾਰਕ ਦ੍ਰਿਸ਼ਟੀਆਂ ਦਾ ਮੇਲ ਹੈ :

ਮੈਂ ਗੰਗ ਹਾਂ – ਮੈਂ ਜਮਨ ਹਾਂ
ਯੈਰੋਸ਼ਲੱਮ ਦਾ ਚਮਨ ਹਾਂ (''ਬਿਨ ਸ਼ਬਦ ਘਨਹਰ ਗੱਜਦਾ'')

ਮਹਾਰਾਜਾ ਰਣਜੀਤ ਸਿੰਘ ਦੀ ਇੱਕ ਕਲਾਕਾਰ ਨਿਰਤਕੀ ਮੋਰਾਂ ਵੀ ਪੰਜਾਬ ਦੇ ਕੁਝ ਇਸ ਤਰ੍ਹਾਂ ਦੇ ਰੂਪ ਨੂੰ ਪਿਆਰ ਕਰਦੀ ਹੈ। ਰਣਜੀਤ ਸਿੰਘ ਨੇ ਉਸ ਨਾਲ ਸਬੰਧ ਰੱਖਣ ਦੀ ਸਜ਼ਾ ਵਜੋਂ ਦਰਬਾਰ ਸਾਹਿਬ ਵਿੱਚ ਕੋਰੜੇ ਖਾਧੇ, ਪਰ ਕੁਲਵੰਤ ਗਰੇਵਾਲ ਨੇ ਉਸ ਨੂੰ ਰਣਜੀਤ ਸਿੰਘ ਵਾਂਗ ਸੁਪਨਸਾਜ਼ ਅਤੇ ਪੰਜਾਬੀ ਵਡਿੱਤਣ ਦੀ ''ਦਿਲਦਾਰ'' ਆਖਿਆ ਹੈ। ਉਸ ਲਈ ਮਹਾਰਾਜਾ ''ਉੱਚੇ ਦਰਬਾਰ ਦਾ ਚਾਕਰ'' ਹੈ ਅਤੇ ਮੋਰਾਂ ਆਪ ''ਉਸ ਦੀ ਸਰਕਾਰ'' ਹੈ। ਪੰਜਾਬ ਦੀ ਦੈਵਿਤਾ ਅਤੇ ਨਿਰਤਕੀ ਦਾ ਕਲਾ-ਸੂਤਵ ਇੱਕ ਦੂਜੇ ਵਿੱਚ ਘੁਲ ਗਏ ਹਨ।

ਪੰਜਾਬ ਬਾਰੇ ਇਹ ਹਿਤੈਸ਼ੀ ਪਰਿਪੇਖ ਸੰਕੀਰਣਤਾ ਦੇਣ ਦੀ ਥਾਂ ਵਿਸ਼ਾਲਤਾ ਦਿੰਦਾ ਹੈ। ਕਵੀ ਲਈ ਕਲਕੱਤਾ ''ਬਲਦਾ ਸੋਨੇ ਦਾ

ਚਿਰਾਗ਼'' ਹੈ, ''ਮਹਾਂ-ਪਲ'' ਹੈ, ''ਮਨ-ਬ੍ਰਿੰਦਾਬਨ'' ਹੈ। ਕੇਵਲ ਮਹਾਂਨਗਰ ਹੋਣ ਦੀ ਥਾਂ ਕਲਕੱਤਾ ਚਾਨਣ ਦੀ ਲਾਟ ਹੈ, ਚੇਤਨਤਾ ਦੀ ਪਰਮਤਾ ਹੈ, ਸੱਭਿਆਚਾਰ ਦੀ ਲਾਸਾਨੀ ਪ੍ਰਾਪਤੀ ਹੈ ਜਿਸ ਵਿੱਚ ਟੈਗੋਰ ਅਤੇ ਉਸ ਦੇ ਬਰਾਬਰ ਹੋ ਚੁੱਕੇ ਅਤੇ ਵਰਤਮਾਨ ਸਭ ਮਹਾਂ-ਅਨੁਭਵੀ ਸ਼ਾਮਿਲ ਹਨ।

ਪੰਜਾਬ ਪਿਆਰਾ ਹੈ ਕਿਉਂਕਿ ਇਸ ਨੇ ਕਵੀ ਨੂੰ ਬੜੀ ਤੀਬਰਤਾ ਨਾਲ ਪਿਆਰ ਕਰਨ ਵਾਲਾ ਅਨਾਤਮ/ਮਾਹੀਆ ਦਿੱਤਾ ਹੈ, ਇਹ ਮਾਹੀਆ ਬਾਬਾ ਫ਼ਰੀਦ ਹੈ, ਗੁਰੂ ਨਾਨਕ ਦੇਵ ਹੈ, ਗੁਰੂ ਗੋਬਿੰਦ ਸਿੰਘ ਹੈ, ''ਰਾਮ ਜੀ'' ਹੈ, ''ਅਰਬੀ ਢੋਲਾ'' ਮੁਹੰਮਦ ਹੈ ਜਿਸ ਨੇ ''ਹੱਥ ਦੀ ਤਲੀ ਤੇ'' ''ਇਸ਼ਕ ਦਾ ਤਮਾਸ਼ਾ'' ਰਚਿਆ, ਮਹਾਰਾਜਾ ਰਣਜੀਤ ਸਿੰਘ ਹੈ, ਰਾਂਝਾ ਹੈ, ਪੁੰਨੂੰ ਹੈ, ਇਨ੍ਹਾਂ ਫ਼ਕੀਰਾਂ/ਪੈਗੰਬਰਾਂ/ਕਵੀਆਂ/ਲੋਕ-ਨਾਇਕਾਂ/ਆਸ਼ਿਕਾਂ ਦੀਆਂ ਧੂਨੀਆਂ ਅਤੇ ਅਭਿਆਸਾਂ ਵਿੱਚੋਂ ਆਪਣਾ ਮਾਹੀਆ ਸਾਜ ਕੇ ਕਵੀ ਦੀ ਕਾਇਆ ਨੇ ਚੁੰਮਿਆ ਹੈ :

ਜੀਹਦਾ ਜੋਬਨ ਪੌਣਾਂ ਵਿੱਚ ਘੁਲਿਆ
ਮੈਂ ਉਹ ਮੁਖੜਾ ਚੁੰਮ ਆਇਆ (''ਗਾ ਜਿੰਦੇ ਸੁਖਨ ਘਰ
ਆਇਆ'')

ਕੁਲਵੰਤ ਗਰੇਵਾਲ ਦੇ ਕੁਝ ਗੀਤ ਅਤੇ ਗ਼ਜ਼ਲਾਂ ਇਸੇ ਮਾਹੀਏ ਦੀ ਤਾਂਘ ਵਿੱਚ ਲਿਖੇ ਹੋਏ ਹਨ। ਕਿਉਂਕਿ ਇਹ ਮਾਹੀਆ ਨਿਰੋਲ ਗੌਰਵ, ਵਡੱਤਣ ਅਤੇ ਬਹੁ-ਸੱਭਿਆਚਾਰਕ ਸੌਂਦਰਯ ਦਾ ਮੁਜੱਸਮਾ ਹੈ ਇਸ ਲਈ ਤਾਂਘ ਵਿੱਚ ਤੀਬਰਤਾ, ਹੁਸਨ ਅਤੇ ਵਿਲੱਖਣਤਾ ਹੈ। ਇਸ ਦੀ ਮਿਸਾਲ ਗਰੇਵਾਲ ਦਾ ਗੀਤ ''ਆਈਆਂ ਪੌਣਾ ਕਾਨ੍ਹਾਂ'' ਹੈ:

ਆਈਆਂ ਪੌਣਾਂ ਕਾਨ੍ਹਾਂ
ਘੁੰਮ ਜੰਗਲ ਬੇਲੇ
ਬੂੰਦਾਂ ਮਟਕੀ ਭਰੀ
ਨੀਂਦ ਬਿਰਖਾਂ ਦੇ ਉਹਲੇ

ਇਹ ਮਾਹੀਆ ਕਵੀ ਲਈ ਨਿਰਦਿਸ਼ਟ ਅਸਲੀਅਤ ਨਹੀਂ, ਸਗੋਂ ਦੇਹ ਵਰਗੀ ਪ੍ਰੇਰਣਾ ਨਾਲੀ ਸਰਸ਼ਾਰ ਕਰਨ ਵਾਲੀ ਅਸਲੀਅਤ ਹੈ ਜਿਸ ਦਾ ਜਾਮ ਕੁੱਲ ਰਚਨਾ ਨੇ ਪੀਤਾ ਹੈ, ਭਾਵੇਂ ਜੋ ਸੰਸਾਰ ਅਸੀਂ ਰਚਿਆ ਹੋਇਆ ਹੈ, ਉਸ ਨੂੰ ਇਹ ਨਸ਼ਾ ਭੁੱਲਦਾ ਜਾ ਰਿਹਾ ਹੈ:

ਐਸੀ ਤੇਰੇ ਪੱਤਣੋਂ ਮਾਹੀਆ
ਭਰੀ ਸੁਰਾਹੀ ਪੀਤੀ – ਜੋਬਨ-ਰੀਤੀ
ਜੱਗ ਨੂੰ ਵਿੱਸਰ ਜਾਣੀ ਢੋਲਾ
ਕਾਮਲ ਸ਼ੌਕ-ਪਰੀਤੀ (ਰਚਨਾ ਕੀ ਸੀ- ਪਿਆਸ ਬੜੀ ਸੀ)

ਆਪਣੇ ਸਰਬਾਂਗੀ, ਬਹੁ-ਪਰਿਪੇਖੀ, ਸਮਵਰਤਨੀ ਅਨੁਭਵ/ਦ੍ਰਿਸ਼ਟੀ ਅਤੇ ਅੰਤਰੀਵੀ ਪਰਵਾਸਤਵ ਕਾਰਣ, ਕੁਲਵੰਤ ਗਰੇਵਾਲ ਦੀ ਕਵਿਤਾ ਨਵੇਕਲੀ ਹੈ। ਭਾਵੇਂ ਇਕਾਂਗੀ ਕਵਿਤਾ, ਪੰਜਾਬੀ ਕਵਿਤਾ ਦੀ ਆਦਿ-ਪ੍ਰੰਪਰਾ ਨਹੀਂ, ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਨੇ ਪਹਿਲਾਂ ਹੀ ਇਕਾਂਗਿਤਾ ਨੂੰ ਤੋੜ ਦਿੱਤਾ ਸੀ, ਪਰ ਰਾਜਨੀਤਕ ਪੈਰੋਕਾਰੀ ਅਤੇ ਕੁਝ ਉਪਯੋਗੀ ਮਜਬੂਰੀਆਂ ਕਾਰਣ ਪੰਜਾਬੀ ਕਵਿਤਾ ਰੇਖਕੀ ਸ਼ੈਲੀਆਂ ਦੇ ਇਕਹਿਰੇਪਣ ਦਾ ਸ਼ਿਕਾਰ ਹੁੰਦੀ ਰਹੀ ਹੈ। ਕੁਲਵੰਤ ਗਰੇਵਾਲ ਦੀਆਂ ਬਹੁਤੀਆਂ ਕਵਿਤਾਵਾਂ ਦਾ ਸੁਭਾ ਅਨਿਕਮੁਖੀ ਹੈ। ਜਟਿਲਤਾ ਨੂੰ ਜਿਸ ਲੌਕਿਕ ਸਾਦਗੀ ਨਾਲ ਕਵੀ ਨੇ ਨਿਭਾਇਆ ਹੈ, ਉਹ ਵਿਸ਼ਿਸ਼ਟ ਹੈ। ਨਵੀਨ ਪੰਜਾਬੀ ਕਵਿਤਾ ਵਿੱਚ ਇਸ ਨਵੇਕਲੀ ਨਟ-ਖਟ ਕਾਵਿ-ਕਾਇਆ ਦਾ ਸੁਆਗਤ ਹੈ।

3092, ਅਰਬਨ ਐਸਟੇਟ-II **ਗੁਰਭਗਤ ਸਿੰਘ**
ਪਟਿਆਲਾ

ਤੇਰਾ ਅੰਬਰਾਂ 'ਚ ਨਾਂ–ਲਿਖਿਆ

1) ਪੁਸਤਕ ਦਾ ਨਾਂ

**ਤੇਰਾ ਅੰਬਰਾਂ 'ਚ ਨਾਂ-ਲਿਖਿਆ**

2) ਲੇਖਕ ਦਾ ਨਾਂ

**ਕੁਲਵੰਤ ਸਿੰਘ ਗਰੇਵਾਲ**

# Tera Ambran 'ch Nan Likhya

by

**Kulwant Singh Grewal**

Publishers

© Kulwant Singh Grewal - 2005

ਪ੍ਰਕਾਸ਼ਕ :

ਮੁੱਲ :

# ਆਮੁੱਖ

ਸ੍ਰੀ ਦੇਵਿੰਦਰ ਸਤਿਆਰਥੀ

ਸਮਰਪਣ

# ਉਤਰਾਇਣ

ਡਾ. ਗੁਰਭਗਤ ਸਿੰਘ